ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 25 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੦ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਸਰਕਾਰ ਨੇ ਬੰਦ ਕਰ 'ਤੇ 6 ਲੱਖ ਮੋਬਾਇਲ ਫੋਨ

**ਨਵੀਂ ਦਿੱਲੀ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਗ੍ਰਹਿ ਮੰਤਰਾਲਾ ਦਾ ਸਾਈਬਰ ਵਿੰਗ 943 ਸਾਈਬਰ ਧੋਖਾਧੜੀ 'ਤੇ ਨਕੇਲ ਕੱਸਣ ਲਈ ਲਗਾਤਾਰ ਕੰਮ ਕਰ ਰਿਹਾ ਹੈ। ਇਸ ਸਬੰਧੀ ਸਖ਼ਤ ਕਾਰਵਾਈ ਕਰਦਿਆਂ ਸਰਕਾਰ ਨੇ 6 ਲੱਖ ਮੋਬਾਈਲ ਫ਼ੋਨ ਬੰਦ ਕਰ ਦਿੱਤੇ ਹਨ। ਇਸ ਦੇ ਨਾਲ ਹੀ MHA ਦੇ ਸਾਈਬਰ ਵਿੰਗ ਦੇ ਹੁਕਮਾਂ 'ਤੇ 65 ਹਜ਼ਾਰ ਸਾਈਬਰ ਫਰਾਡ ਕਰਨ ਵਾਲੇ URL ਨੂੰ ਵੀ ਬਲਾਕ ਕਰ ਦਿੱਤਾ ਗਿਆ ਹੈ। ਸੂਤਰਾਂ ਨੇ ਵੱਡੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਈਬਰ ਧੋਖਾਧੜੀ ਵਿਚ ਸ਼ਾਮਲ ਲਗਭਗ 800 ਐਪਲੀਕੇਸ਼ਨਾਂ ਨੂੰ ਵੀ ਬਲਾਕ ਕਰ ਦਿੱਤਾ ਗਿਆ ਹੈ। 2023 ਵਿੱਚ, NCRP (ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ) ਨੂੰ 1 ਲੱਖ ਤੋਂ ਵੱਧ ਨਿਵੇਸ਼ ਘੁਟਾਲੇ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਪੂਰੇ ਦੇਸ਼ ਵਿੱਚ ਇਸ ਨਾਲ ਸਬੰਧਤ ਕਰੀਬ 17 ਹਜ਼ਾਰ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਜਨਵਰੀ 2024 ਤੋਂ ਸਤੰਬਰ 2024 ਤੱਕ ਡਿਜੀਟਲ ਗ੍ਰਿਫਤਾਰੀ ਦੀਆਂ 6000 ਸ਼ਿਕਾਇਤਾਂ, ਵਪਾਰ ਘੁਟਾਲੇ ਦੀਆਂ 20,043 ਸ਼ਿਕਾਇਤਾਂ, ਨਿਵੇਸ਼ ਘੁਟਾਲੇ ਦੀਆਂ 62,687 ਸ਼ਿਕਾਇਤਾਂ ਅਤੇ ਡੇਟਿੰਗ ਘੁਟਾਲੇ ਦੀਆਂ 1725 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਇਹ ਪੋਰਟਲ ਸਾਈਬਰ ਅਪਰਾਧਾਂ ਵਿੱਚ ਵਰਤੇ ਜਾਂਦੇ ਜਾਅਲੀ ਕਾਰਡਾਂ ਅਤੇ ਖਾਤਿਆਂ ਦਾ ਪਤਾ ਲਗਾਉਣ, ਸਾਈਬਰ ਅਪਰਾਧਾਂ ਦੀ ਰੋਕਥਾਮ, ਵਿਸ਼ਲੇਸ਼ਣ ਅਤੇ ਅਪਰਾਧ ਦੀ ਜਾਂਚ ਵਿੱਚ ਸਹਿਯੋਗ ਅਤੇ ਤਾਲਮੇਲ ਲਈ ਕੰਮ ਕਰਦਾ ਹੈ। ਇਸ ਪਲੇਟਫਾਰਮ ਰਾਹੀਂ ਸੀਸੀਟੀਵੀ ਫੁਟੇਜ ਮੰਗਣ ਲਈ ਬੇਨਤੀ ਭੇਜੀ ਜਾ ਸਕਦੀ ਹੈ।

## ਮੁੜ ਵਾਪਸ ਆਉਣੇ ਚਾਹੀਦੇ 3 ਖੇਤੀ ਕਾਨੂੰਨ

# ਕੰਗਨਾ ਦੇ ਬਿਆਨ ਨੇ ਲਿਆਂਦਾ ਸਿਆਸੀ ਭੁਚਾਲ

**ਨਵੀਂ ਦਿੱਲੀ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮੰਡੀ ਤੋਂ ਬੀਜੇਪੀ ਸੰਸਦ ਕੰਗਨਾ ਰਣੌਤ ਨੇ ਕਿਸਾਨਾਂ ਨਾਲ ਜੁੜਿਆ ਅਜਿਹਾ ਬਿਆਨ ਦਿੱਤਾ ਹੈ ਕਿ ਉਹ ਇੱਕ ਵਾਰ ਫਿਰ ਸੁਰਖੀਆਂ 'ਚ ਆ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨਾਲ ਸਬੰਧਤ ਤਿੰਨ ਕਾਨੂੰਨ ਵਾਪਸ ਲਿਆਂਦੇ ਜਾਣ। ਇੰਨਾ ਹੀ ਨਹੀਂ ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਕਿਸਾਨਾਂ ਨੂੰ ਖੁਦ ਇਸ ਦੀ ਮੰਗ ਕਰਨੀ ਚਾਹੀਦੀ ਹੈ। ਹਾਲਾਂਕਿ, ਭਾਜਪਾ ਸੰਸਦ ਮੈਂਬਰ ਨੇ ਆਪਣੀ ਰਾਏ ਜ਼ਾਹਰ ਕਰਦੇ ਹੋਏ ਇਹ ਵੀ ਕਿਹਾ ਕਿ ਉਨ੍ਹਾਂ ਦਾ ਬਿਆਨ ਵਿਵਾਦਪੂਰਨ ਹੋ ਸਕਦਾ ਹੈ। ਇਸ 'ਤੇ ਕਾਂਗਰਸ ਨੇ ਨਿਸ਼ਾਨਾ ਸਾਧਿਆ ਹੈ। ਕੰਗਨਾ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਕਾਂਗਰਸ ਨੇ ਕਿਹਾ ਕਿ ਅਸੀਂ ਕਿਸਾਨਾਂ ਦੇ ਨਾਲ ਹਾਂ। ਇਨ੍ਹਾਂ ਕਾਲੇ ਕਾਨੂੰਨਾਂ ਦੀ ਵਾਪਸੀ ਕਦੇ ਨਹੀਂ ਹੋਵੇਗੀ, ਭਾਵੇਂ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਸੰਸਦ ਮੈਂਬਰ ਕਿੰਨੀ ਵੀ ਕੋਸ਼ਿਸ਼ ਕਰ ਲੈਣ। ਸੋਸ਼ਲ ਮੀਡੀਆ ਐਕਸ 'ਤੇ ਕਾਂਗਰਸ ਨੇ ਕਿਹਾ, "ਕਿਸਾਨਾਂ 'ਤੇ ਲੱਦੇ ਗਏ 3 ਕਾਲੇ ਕਾਨੂੰਨ ਵਾਪਸ ਲਿਆਉਣੇ ਚਾਹੀਦੇ ਹਨ। ਭਾਜਪਾ ਸੰਸਦ ਕੰਗਨਾ ਰਣੌਤ ਨੇ ਇਹ ਗੱਲ ਕਹੀ। ਦੇਸ਼ ਦੇ 750 ਤੋਂ ਵੱਧ ਕਿਸਾਨ ਸ਼ਹੀਦ ਹੋਏ, ਉਦੋਂ ਹੀ ਮੋਦੀ ਸਰਕਾਰ ਜਾਗੀ ਅਤੇ ਇਹ ਕਾਲੇ ਕਾਨੂੰਨ ਵਾਪਸ ਲਏ ਗਏ। ਹੁਣ ਭਾਜਪਾ ਦੇ ਸੰਸਦ ਮੈਂਬਰ ਫਿਰ ਤੋਂ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਯੋਜਨਾ ਬਣਾ ਰਹੇ ਹਨ।" ਕੰਗਨਾ ਰਣੌਤ ਨੇ ਕਿਹਾ, "ਦੇਸ਼ ਦੇ ਵਿਕਾਸ 'ਚ ਕਿਸਾਨ ਇੱਕ ਮਜ਼ਬੂਰ ਥੰਮ ਹਨ। ਮੈਂ ਚਾਹੁੰਦੀ ਹਾਂ ਕਿ ਉਹ ਅਜਿਹੀ ਅਪੀਲ ਖੁਦ ਕਰਨ। ਮੈਂ ਹੱਥ ਜੋੜ ਕੇ ਸਾਰਿਆਂ ਨੂੰ ਅਜਿਹੀ ਮੰਗ ਕਰਨ ਦੀ ਅਪੀਲ ਕਰਦੀ ਹਾਂ।" ਕਾਂਗਰਸ ਦੀ ਬੁਲਾਰਾ ਸੁਪ੍ਰੀਆ ਸ਼੍ਰੀਨੇਤ ਨੇ ਕਿਹਾ ਕਿ ਤਿੰਨ ਕਾਲੇ ਕਿਸਾਨ ਵਿਰੋਧੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਸ਼ਹੀਦ ਹੋਏ 750 ਤੋਂ ਵੱਧ ਕਿਸਾਨਾਂ ਨੂੰ ਵਾਪਸ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਅਸੀਂ ਅਜਿਹਾ ਕਦੇ ਨਹੀਂ ਹੋਣ ਦੇਵਾਂਗੇ। ਸਭ ਤੋਂ ਪਹਿਲਾਂ ਜਵਾਬ ਹਰਿਆਣਾ ਦੇਵੇਗਾ। ਦੱਸ ਦੇਈਏ ਕਿ ਕੇਂਦਰ ਸਰਕਾਰ ਨੇ 2021 'ਚ ਤਿੰਨ ਖੇਤੀਬਾੜੀ ਕਾਨੂੰਨ ਵਾਪਸ ਲੈ ਲਏ ਸਨ। ਕਿਸਾਨਾਂ ਦੇ ਵੱਡੇ ਵਿਰੋਧ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਇਸ ਕਾਨੂੰਨ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ।



## ਅਨਿਲ ਅੰਬਾਨੀ ਦੀਆਂ ਫਿਰ ਵਧੀਆ ਮੁਸ਼ਕਿਲਾਂ, ਪੁੱਤਰ ਅਨਮੋਲ ਅੰਬਾਨੀ 'ਤੇ ਲੱਗਾ 1 ਕਰੋੜ ਦਾ ਜੁਰਮਾਨਾ

**ਮੁੰਬਈ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਨਿਲ ਅੰਬਾਨੀ ਪਿਛਲੇ ਦਿਨੀਂ ਕਾਫੀ ਸੁਰਖੀਆਂ ਬਟੋਰ ਰਹੇ ਹਨ। ਪਿਛਲੇ ਕੁਝ ਦਿਨਾਂ 'ਚ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਇੰਫਰਾ ਦਾ ਕਰਜ਼ਾ ਵੀ ਘਟਦਾ ਜਾ ਰਿਹਾ ਹੈ ਅਤੇ ਅਨਿਲ ਅੰਬਾਨੀ ਨੇ 85 ਫੀਸਦੀ ਕਰਜ਼ਾ ਵੀ ਮੋੜ ਦਿੱਤਾ ਹੈ, ਜਿਸ ਤੋਂ ਬਾਅਦ ਰਿਲਾਇੰਸ ਇੰਫਰਾ ਦੇ ਸ਼ੇਅਰਾਂ 'ਚ ਵੀ ਤੇਜ਼ੀ ਦੇਖਣ ਨੂੰ ਮਿਲੀ ਹੈ। ਪਰ ਅਨਿਲ ਅੰਬਾਨੀ ਨੂੰ ਇੱਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਦਰਅਸਲ, ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੇ ਅਨਿਲ ਅੰਬਾਨੀ ਦੇ ਬੇਟੇ ਜੈ ਅਨਮੋਲ ਅੰਬਾਨੀ 'ਤੇ 1 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਮਾਰਕੀਟ ਰੈਗੂਲੇਟਰ ਸੇਬੀ ਨੇ ਰਿਲਾਇੰਸ ਹੋਮ ਫਾਈਨਾਂਸ ਮਾਮਲੇ 'ਚ ਅਨਿਲ ਅੰਬਾਨੀ ਦੇ ਬੇਟੇ ਜੈ ਅਨਮੋਲ ਅੰਬਾਨੀ 'ਤੇ 1 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਸੇਬੀ ਨੇ ਇਲਜ਼ਾਮ ਲਗਾਇਆ ਕਿ ਜੈ ਅਨਮੋਲ ਨੇ ਸਾਧਾਰਨ ਉਦੇਸ਼ ਕਾਰਪੋਰੇਟ ਕਰਜ਼ਿਆਂ ਨੂੰ ਬਿਨਾਂ ਤਨਦੇਹੀ ਦੇ ਮਨਜ਼ੂਰ ਕੀਤਾ ਸੀ। ਇਸ ਤੋਂ ਇਲਾਵਾ ਜੈ ਅਨਮੋਲ ਨੇ ਵੀਜ਼ਾ ਕੈਪੀਟਲ ਪਾਰਟਨਰਜ਼ ਨੂੰ 20 ਕਰੋੜ ਰੁਪਏ ਅਤੇ ਐਕੁਰਾ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਨੂੰ 20 ਕਰੋੜ ਰੁਪਏ ਦੇ ਅਸੁਰੱਖਿਅਤ ਕਰਜ਼ੇ ਨੂੰ ਮਨਜ਼ੂਰੀ ਦਿੱਤੀ। ਸੇਬੀ ਅਨੁਸਾਰ, 14 ਫਰਵਰੀ 2019 ਨੂੰ, ਅਨਮੋਲ ਅੰਬਾਨੀ ਦੁਆਰਾ ਐਕੁਰਾ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਨੂੰ 20 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕੀਤਾ ਗਿਆ ਸੀ। ਜਦੋਂ ਕਿ ਬੋਰਡ ਆਫ਼ ਡਾਇਰੈਕਟਰਜ਼ ਨੇ ਜੀਪੀਸੀਐਲ ਦਾ ਕੋਈ ਹੋਰ ਕਰਜ਼ਾ ਜਾਰੀ ਨਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਹ ਉਦੋਂ ਹੋਇਆ ਜਦੋਂ ਸੇਬੀ ਨੇ ਅਨਿਲ ਅੰਬਾਨੀ ਨੂੰ ਪ੍ਰਤੀਭੂਤੀਆਂ ਬਾਜ਼ਾਰ ਤੋਂ ਪੰਜ ਸਾਲ ਲਈ ਪਾਬੰਦੀ ਲਗਾ ਦਿੱਤੀ ਸੀ। ਉਸ 'ਤੇ ਕਥਿਤ ਤੌਰ 'ਤੇ ਇਕ 'ਧੋਖਾਧੜੀ ਯੋਜਨਾ' ਵਿਚ ਸ਼ਾਮਲ ਹੋਣ ਦਾ ਦੋਸ਼ ਹੈ ਜਿਸ ਕਾਰਨ ਪੰਜ ਸਾਲ ਪਹਿਲਾਂ ਰਿਲਾਇੰਸ ਹੋਮ ਫਾਈਨਾਂਸ ਤੋਂ ਫੰਡ ਡਾਇਵਰਟ ਕੀਤੇ ਗਏ ਸਨ। ਸੇਬੀ ਨੇ ਅਨਿਲ ਅੰਬਾਨੀ 'ਤੇ 25 ਕਰੋੜ ਰੁਪਏ ਦਾ ਜੁਰਮਾਨਾ ਵੀ ਲਗਾਇਆ ਅਤੇ ਉਸ ਨੂੰ ਪੰਜ ਸਾਲਾਂ ਲਈ ਕਿਸੇ ਵੀ ਸੂਚੀਬੱਧ ਕੰਪਨੀ ਜਾਂ ਮਾਰਕੀਟ ਵਿਚੋਲੇ ਵਿਚ ਮੁੱਖ ਪ੍ਰਬੰਧਕੀ ਜਾਂ ਨਿਰਦੇਸ਼ਕ ਭੂਮਿਕਾ ਨਿਭਾਉਣ 'ਤੇ ਰੋਕ ਲਗਾ ਦਿੱਤੀ।

## ਕੈਬਨਿਟ 'ਚ ਫੇਰਬਦਲ 'ਤੇ ਘਿਰੇ ਸੀਐਮ ਭਗਵੰਤ ਮਾਨ, ਵਿਰੋਧੀਆਂ ਨੇ ਉਠਾਏ ਗੰਭੀਰ ਸਵਾਲ

**ਚੰਡੀਗੜ੍ਹ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਦੀ ਨਵੀਂ ਕੈਬਨਿਟ ਵਿਰੋਧੀਆਂ ਨੂੰ ਰਾਸ ਨਹੀਂ ਆ ਰਹੀ। ਕੈਬਨਿਟ ਵਿੱਚ ਤਬਦੀਲੀ ਨੂੰ ਲੈ ਕੇ ਕਾਂਗਰਸੀ ਲੀਡਰ ਹੁਣ ਤਾਅਨੇ ਮਾਰ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਰਾਜਾ ਵੜਿੰਗ ਨੇ ਕਿਹਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਅਸਥਿਰ ਸਰਕਾਰ ਚੱਲ ਰਹੀ ਹੈ। ਢਾਈ ਸਾਲਾਂ ਵਿੱਚ ਚਾਰ ਵਾਰ ਮੰਤਰੀ ਮੰਡਲ ਵਿੱਚ ਫੇਰਬਦਲ ਹੋਇਆ। ਅਜਿਹੇ 'ਚ 4 ਮਹੀਨਿਆਂ 'ਚ ਹੀ ਕੋਈ ਕੁਝ ਕਿਵੇਂ ਕਰਦਾ? 'ਆਪ' ਵੱਲੋਂ ਸੀਨੀਅਰ ਆਗੂਆਂ ਨੂੰ ਪਾਸੇ ਕਰ ਦਿੱਤਾ ਗਿਆ ਹੈ। ਉਧਰ, ਜਲੰਧਰ ਛਾਉਣੀ ਹਲਕੇ ਤੋਂ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਕਿਹਾ ਸੀ ਕਿ ਰੇਤ ਦੀ ਖੁਦਾਈ ਤੋਂ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦਾ ਮੁਨਾਫਾ ਕਮਾਇਆ ਜਾਵੇਗਾ। ਉਨ੍ਹਾਂ ਨੂੰ ਆਪਣੇ ਕਾਰਜਕਾਲ ਦੌਰਾਨ ਇਸ ਵਿਭਾਗ ਦੇ 4 ਮੰਤਰੀਆਂ ਨੂੰ ਬਦਲਣਾ ਪਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸਿਰਫ਼ ਇੱਕ ਫੋਕਾ ਦਾਅਵਾ ਹੀ ਸੀ। ਪਰਗਟ ਸਿੰਘ ਨੇ ਕਿਹਾ ਕਿ ਸਿਰਫ਼ ਢਾਈ ਸਾਲਾਂ ਵਿੱਚ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਚਾਰ ਮਾਈਨਿੰਗ ਮੰਤਰੀ ਬਣਾਏ ਤੇ ਹਟਾਏ। ਇਹ ਮਾਈਨਿੰਗ ਸੈਕਟਰ ਵਿੱਚ ਅਸਥਿਰਤਾ ਤੇ ਲੁੱਟ ਦਾ ਪਰਦਾਫਾਸ਼ ਕਰਦਾ ਹੈ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਮਾਈਨਿੰਗ ਤੋਂ ਸਾਲਾਨਾ 20,000 ਕਰੋੜ ਰੁਪਏ ਕਮਾਉਣ ਦਾ ਦਾਅਵਾ ਸਿਰਫ਼ ਸਿਆਸੀ ਬਿਆਨਬਾਜ਼ੀ ਹੀ ਸਾਬਤ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਨਾਜਾਇਜ਼ ਮਾਈਨਿੰਗ ਲਗਾਤਾਰ ਵਧ ਰਹੀ ਹੈ ਪਰ ਅਸਲ ਸਵਾਲ ਇਹ ਹੈ ਕਿ ਕੀ ਇਹ ਸਭ ਕੁਝ ਮੰਤਰੀਆਂ ਤੇ ਅਧਿਕਾਰੀਆਂ ਦੀ ਸ਼ਮੂਲੀਅਤ ਤੋਂ ਬਿਨਾਂ ਹੋ ਰਿਹਾ ਸੀ? ਕੀ ਉਹ ਬੇਵੱਸ ਸਨ ਜਾਂ ਮਿਲੀਭੁਗਤ ਸੀ? ਅਜੇ ਤੱਕ ਅਸੀਂ "ਵੱਡੇ ਮਾਈਨਿੰਗ ਮਾਫੀਆ" ਵਿਰੁੱਧ ਕੋਈ ਕਾਰਵਾਈ ਨਹੀਂ ਵੇਖੀ। ਦੱਸ ਦਈਏ ਕਿ ਵਿਧਾਇਕ ਪਰਗਟ ਸਿੰਘ ਨਾਜਾਇਜ਼ ਮਾਈਨਿੰਗ ਨੂੰ ਲੈ ਕੇ ਵਿਧਾਨ ਸਭਾ ਸਮੇਤ ਕਈ ਥਾਵਾਂ 'ਤੇ ਆਵਾਜ਼ ਉਠਾ ਚੁੱਕੇ ਹਨ। ਉਨ੍ਹਾਂ ਕਿਹਾ ਸੀ ਕਿ ਮੇਰੇ ਹਲਕੇ ਜਲੰਧਰ ਛਾਉਣੀ ਵਿੱਚ ਕੋਈ ਦਰਿਆ ਨਹੀਂ ਵਗਦਾ, ਫਿਰ ਵੀ ਮੇਰੇ ਇਲਾਕੇ ਵਿੱਚ ਮਾਈਨਿੰਗ ਹੋ ਰਹੀ ਹੈ। ਇਸ ਦੀ ਵੀਡੀਓ ਵੀ ਸ਼ੇਅਰ ਕੀਤੀ ਪਰ ਫਿਰ ਵੀ ਕੋਈ ਕਾਰਵਾਈ ਨਹੀਂ ਹੋਈ।



## ਭਾਰਤੀਆਂ ਤੋਂ ਤੰਗ ਆਈ ਕੈਨੇਡਾ ਸਰਕਾਰ ! ਵਿਦਿਆਰਥੀਆਂ ਨੂੰ ਦਿੱਤੀ ਸਖ਼ਤ ਚਿਤਾਵਨੀ





**ਟੋਰਾਂਟੋ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਦੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵਾਰ ਮੁੜ ਪਰਵਾਸੀਆਂ ਦੀ ਵਧਦੀ ਗਿਣਤੀ ਨੂੰ ਲੈ ਕੇ ਚਿੰਤਾ ਜਾਹਰ ਕੀਤੀ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਦੇਸ਼ ਵਿੱਚ ਸ਼ਰਣ ਲੈਣ ਦੇ ਰੁਝਾਨ ਨੂੰ ਚਿੰਤਾਜਨਕ ਦੱਸਿਆ ਹੈ। ਮਾਰਕ ਮਿਲਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਦੇਸ਼ ਆਮ ਚੋਣਾਂ ਵੱਲ ਵਧ ਰਿਹਾ ਹੈ। ਚੋਣਾਂ ਤੋਂ ਪਹਿਲਾਂ ਦੇਸ਼ ਵਿੱਚ ਮਕਾਨ ਅਤੇ ਰੁਜ਼ਗਾਰ ਦਾ ਸੰਕਟ ਵੱਡਾ ਮੁੱਦਾ ਬਣਦਾ ਜਾ ਰਿਹਾ ਹੈ। ਅਜਿਹੇ ਵਿੱਚ ਟਰੂਡੋ ਸਰਕਾਰ ਵੱਲੋਂ ਵਿਦੇਸ਼ੀ ਖਾਸ ਕਰਕੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਨੂੰ ਲੈ ਕੇ ਲਗਾਤਾਰ ਬਿਆਨ ਆ ਰਹੇ ਹਨ। ਟਰੂਡੋ ਇਸ ਦਾ ਫਾਇਦਾ ਚੋਣਾਂ 'ਚ ਚੁੱਕਣ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ। ਮਾਰਕ ਮਿਲਰ ਨੇ ਇੱਕ ਚੈਨਲ ਨਾਲ ਇੰਟਰਵਿਊ ਦੌਰਾਨ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਉਣ ਤੋਂ ਬਾਅਦ ਸ਼ਰਣ ਮੰਗਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਨੂੰ ਸੰਬੋਧਿਤ ਕਰਦੇ ਹੋਏ ਇਸ ਨੂੰ 'ਚਿੰਤਾਜਨਕ ਰੁਝਾਨ' ਦੱਸਿਆ। ਮਿਲਰ ਨੇ ਕਿਹਾ ਕਿ ਵਿਦਿਆਰਥੀ ਵੀਜ਼ਾ ਨੂੰਦੇਸ਼ ਵਿੱਚ ਪੱਕੇ ਤੌਰ 'ਤੇ ਸ਼ਰਨ ਲੈਣ ਲਈ ਵਰਤਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਮੰਤਰਾਲਾ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਉਨ੍ਹਾਂ ਕੈਨੇਡਾ ਦੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਅਜਿਹੇ ਅਨਸਰਾਂ ਨੂੰ ਰੋਕਣ ਲਈ ਲੋੜੀਂਦੇ ਸੁਧਾਰ ਕਰਨ ਲਈ ਕਿਹਾ ਹੈ। ਕੈਨੇਡਾ ਨੇ ਅਗਲੇ ਤਿੰਨ ਸਾਲਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ 6.2 ਤੋਂ ਘਟਾ ਕੇ 5 ਪ੍ਰਤੀਸ਼ਤ ਕਰਨ ਦਾ ਫੈਸਲਾ ਕੀਤਾ ਹੈ। ਇਸ ਸਾਲ ਜਨਵਰੀ ਵਿੱਚ, ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਦੋ ਸਾਲ ਦੀ ਸੀਮਾ ਦਾ ਐਲਾਨ ਕੀਤਾ ਸੀ। ਮਿਲਰ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ 2024 ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਵੇਗੀ। ਸਰਕਾਰ ਦੇ ਅਨੁਸਾਰ, ਕੈਨੇਡਾ 2025 ਵਿੱਚ 437,000 ਸਟੱਡੀ ਪਰਮਿਟ ਜਾਰੀ ਕਰਨ ਦੀ ਯੋਜਨਾ ਬਣਾ ਰਿਹਾ ਹੈ। 2024 ਵਿੱਚ ਇਹ 485,000 ਹੈ। ਸਾਲ 2026 ਵਿੱਚ ਵੀ ਪਰਮਿਟਾਂ ਦੀ ਗਿਣਤੀ 437,000 ਰਹੇਗੀ। ਇਸ ਤੋਂ ਪਹਿਲਾਂ 2023 ਵਿੱਚ ਕੈਨੇਡਾ ਨੇ 509,390 ਵਿਦਿਆਰਥੀਆਂ ਨੂੰ ਪਰਮਿਟ ਦਿੱਤੇ ਸਨ।

## ਸਕੂਲ ਬੱਸ 'ਚ ਘੰਟਿਆਂਬੱਧੀ ਫਸੇ ਰਹੇ ਸਕੂਲੀ ਬੱਚੇ, ਲੱਭ-ਲੱਭ ਕਮਲੇ ਹੋਏ ਮਾਪੇ

**ਲਖਨਊ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਯੂਪੀ ਦੇ ਪ੍ਰਤਾਪਗੜ੍ਹ ਵਿੱਚ ਇੱਕ ਸਕੂਲੀ ਬੱਸ, ਜਿਸ ਵਿੱਚ ਕਈ ਬੱਚੇ ਬੈਠੇ ਸਨ, ਨੂੰ ਚੈਕਿੰਗ ਦੌਰਾਨ ਏ.ਆਰ.ਟੀ.ਓ. ਨੇ ਕਾਬੂ ਕਰ ਲਿਆ। ਇਸ ਘਟਨਾ ਦੌਰਾਨ ਬੱਚਿਆਂ ਨੂੰ ਧੁੱਪ ਵਿੱਚ ਬੱਸ ਦੇ ਅੰਦਰ ਕਾਫ਼ੀ ਸਮੇਂ ਤੱਕ ਰਹਿਣਾ ਪਿਆ। ਜਦੋਂ ਬੱਚੇ ਸਮੇਂ ਸਿਰ ਘਰ ਨਹੀਂ ਪਹੁੰਚੇ ਤਾਂ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਬੱਚਿਆਂ ਦੀ ਭਾਲ ਕਰਨੀ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਬੱਚੇ ਏ.ਆਰ.ਟੀ.ਓ ਦਫ਼ਤਰ ਵਿੱਚ ਖੜ੍ਹੀ ਬੱਸ ਵਿੱਚ ਕੈਦ ਹਨ। ਦੱਸ ਦੇਈਏ ਕਿ ਇਹ ਘਟਨਾ ਬੀਤੇ ਦਿਨ ਦੀ ਹੈ, ਜਦੋਂ ਏ.ਆਰ.ਟੀ.ਓ.ਇਨਫੋਰਸਮੈਂਟ ਦਲੀਪ ਗੁਪਤਾ ਨੇ ਚੈਕਿੰਗ ਦੌਰਾਨ ਸਕੂਲ ਬੱਸ ਨੂੰ ਰੋਕਿਆ। ਦੋਸ਼ ਹੈ ਕਿ ਉਹਨਾਂ ਨੇ ਬੱਚਿਆਂ ਅਤੇ ਅਧਿਆਪਕਾਂ ਨਾਲ ਭਰੀ ਸਕੂਲ ਬੱਸ ਸਬੰਧੀ ਮੌਕੇ 'ਤੇ ਕਾਰਵਾਈ ਕਰਨ ਦੀ ਬਜਾਏ ਆਪਣੇ ਦਫ਼ਤਰ ਲੈ ਗਏ ਅਤੇ ਬੱਚਿਆਂ ਸਣੇ ਧੁੱਪ ਵਿਚ ਖੜ੍ਹੀ ਕਰ ਦਿੱਤੀ। ਇਸ ਦੌਰਾਨ ਬੱਸ ਵਿਚ ਬੈਠੇ ਛੋਟੇ-ਛੋਟੇ ਬੱਚੇ ਕਰੀਬ ਦੋ ਘੰਟੇ ਤੇਜ਼ ਧੁੱਪ ਵਿੱਚ ਭੁੱਖ-ਪਿਆਸ ਨਾਲ ਤੜਫਦੇ ਰਹੇ। ਇਸ ਮਾਮਲੇ ਦਾ ਜਦੋਂ ਮਾਪਿਆਂ ਨੂੰ ਪਤਾ ਲੱਗਾ ਤਾਂ ਉਹ ਏਆਰਟੀਓ ਦਫ਼ਤਰ ਪੁੱਜੇ ਅਤੇ ਹੰਗਾਮਾ ਸ਼ੁਰੂ ਕਰ ਦਿੱਤਾ। ਏ.ਆਰ.ਟੀ.ਓ. ਨੇ ਦੱਸਿਆ ਕਿ ਫਿਟਨੈਸ ਫੇਲ ਹੋਣ ਕਾਰਨ ਬੱਸ ਨੂੰ ਰੋਕਿਆ ਗਿਆ ਸੀ। ਉਨ੍ਹਾਂ ਕਿਹਾ ਕਿ ਦਸਤਾਵੇਜ਼ਾਂ ਨੂੰ ਦੇਖਣ ਮਗਰੋਂ ਬੱਸ ਨੂੰ ਦਫ਼ਤਰ ਵਿੱਚ ਖੜ੍ਹਾ ਕੀਤਾ ਗਿਆ ਸੀ। ਬੱਚਿਆਂ ਦੇ ਮਾਪਿਆਂ ਨੇ ਏ.ਆਰ.ਟੀ.ਓ ਦੇ ਇਸ ਰਵੱਈਏ 'ਤੇ ਸਖ਼ਤ ਨਾਰਾਜ਼ਗੀ ਪ੍ਰਗਟਾਈ ਹੈ। ਉਹਨਾਂ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਜ਼ਿਲ੍ਹਾ ਮੈਜਿਸਟ੍ਰੇਟ (ਡੀਐਮ) ਤੋਂ ਮੰਗ ਕੀਤੀ ਕਿ ਏਆਰਟੀਓ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਬੱਚੇ ਅਤੇ ਮਹਿਲਾ ਅਧਿਆਪਕ ਧੁੱਪ 'ਚ ਬੱਸ 'ਚ ਬੈਠੇ ਹਨ, ਜਦਕਿ ਬਾਹਰ ਖੜ੍ਹੇ ਮਾਪੇ ਅਧਿਕਾਰੀ ਨੂੰ ਝਿੜਕ ਰਹੇ ਹਨ। ਏਆਰਟੀਓ ਦਲੀਪ ਗੁਪਤਾ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਚੈਕਿੰਗ ਦੌਰਾਨ ਬੱਸ ਦਾ ਨਾ ਤਾਂ ਪਰਮਿਟ ਸੀ ਅਤੇ ਨਾ ਹੀ ਬੀਮਾ ਸੀ, ਇਸ ਲਈ ਇਸ ਨੂੰ ਦਫ਼ਤਰ ਵਿੱਚ ਪਾਰਕ ਕਰਨ ਦਾ ਫ਼ੈਸਲਾ ਕੀਤਾ ਗਿਆ। ਸਕੂਲ ਪ੍ਰਬੰਧਕਾਂ ਨੂੰ ਇਕ ਹੋਰ ਬੱਸ ਲਿਆਉਣ ਲਈ ਸੂਚਿਤ ਕੀਤਾ ਗਿਆ ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਘਰ ਭੇਜਿਆ ਜਾ ਸਕੇ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਨਾਮ ਜਪੋ Naam Japo
ਕਿਰਤ ਕਰੋ Kirat Karo
ਵੰਡ ਛਕੋ Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
ਮੁਕਤਾ ਾ ਕੰਨਾ ਿ ਸਿਹਾਰੀ ੀ ਬਿਹਾਰੀ
ੁ ਔਂਕੜ ੂ ਦੁਲੈਂਕੜ ੇ ਲਾਂ ੈ ਦੁਲਾਵਾਂ
ੋ ਹੋੜਾ ੌ ਕਨੌੜਾ ੱ ਟਿੱਪੀ ਂ ਕੰਨਾ-ਬਿੰਦੀ
www.damdamitaksal.net
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)





ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243



DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.00 ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.00 ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.00 ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.00 ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.00 ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮਿ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।

ਦੇ ਮਹਾਂਵਾਕ ਅਨੁਸਾਰ ਸਾਡੇ ਪੂਜਨੀਕ



# ਸ੍ਰ. ਰਾਮ ਸਿੰਘ

## (ਸਪੁੱਤਰ ਸ੍ਰ. ਰਾਜਾ ਸਿੰਘ)

ਮਿਤੀ **17-09-2024** ਦਿਨ ਮੰਗਲਵਾਰ ਨੂੰ ਅਕਾਲ ਪੁਰਖ ਦੀ ਹਜੂਰੀ ਵਿਚ ਜਾ ਵਿਰਾਜੇ ਸਨ।
ਸੋ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

# ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ

**ਮਿਤੀ 27-09-2024** ਦਿਨ **ਸ਼ੁਕਰਵਾਰ** ਨੂੰ **ਦੁਪਹਿਰ 12:30 ਵਜੇ** ਅਸਥਾਨ **ਗੁਰਦੁਆਰਾ ਸਾਹਿਬ, ਪਿੰਡ ਕਰੰਡੀ (ਟੋਹਾਣਾ)** ਵਿਖੇ ਪਾਏ ਜਾਣਗੇ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

## ਦੁਖੀ ਹਿਰਦੇ ਨਾਲ:

ਲੱਖਾ ਸਿੰਘ (ਭਰਾ) ਮੋ. 93158-84498
ਮਨਪ੍ਰੀਤ ਸਿੰਘ (ਭਤੀਜਾ) ਮੋ. 86075-73618
ਅਤੇ ਸਮੂਹ ਗੰਡੂ ਪਰਿਵਾਰ

**ਨਿਵਾਸ ਸਥਾਨ : ਪਿੰਡ ਕਰੰਡੀ (ਟੋਹਾਣਾ)**

ਆਵਾਜ਼ਿ ਕੌਮ AWAZE QAUM International Newspaper & WEB TV





# ਸ਼ੇਖ਼ ਫਰੀਦ ਆਗਮਨ ਪੁਰਬ (1215-2024)

ਮਨੌਤ ਅਨੁਸਾਰ ਸ਼ੇਖ਼ ਫਰੀਦ ਉਦ ਦੀਨ ਮਸੂਦ ਸ਼ਕਰਗੰਜ ਜੀ ਨੂੰ ਪਾਕਪਟਨ ਤੋਂ ਹਾਂਸੀ ਜਾਂਦੇ ਹੋਏ ਉਸ ਸਮੇਂ ਦੇ ਮੋਕਲਹਰ ਦੇ ਰਾਜੇ ਮੋਕਲ ਨੇ ਗ੍ਰਿਫ਼ਤਾਰ ਕਰਵਾ ਕੇ ਸਤਲੁਜ ਦੇ ਕੰਢੇ ਬਣਦੇ ਆਪਣੇ ਕਿਲੇ ਦੀ ਉਸਾਰੀ ਦੇ ਕੰਮ ਵਿੱਚ ਵੇਗਾਰ ਤੇ ਲਗਾ ਲਿਆ।ਬਾਬਾ ਜੀ ਨੂੰ ਗਾਰਾ ਢੋਣ ਤੇ ਲਾਇਆ ਗਿਆ।ਪਰ ਬਾਬਾ ਜੀ ਦੇ ਇਲਾਹੀ ਗੁਣਾ ਤੋਂ ਜਾਣੂ ਹੋ ਕੇ ਰਾਜੇ ਨੇ ਮੁਆਫ਼ੀ ਮੰਗੀ ਤੇ ਇਸ ਸ਼ਹਿਰ ਦਾ ਨਾਂ ਮੋਕਲਹਰ ਤੋਂ ਫਰੀਦਕੋਟ ਹੋ ਗਿਆ।ਬਾਬਾ ਜੀ ਨੇ ਇੱਥੇ ਚਾਲੀ ਦਿਨ ਰਹਿ ਕੇ ਭਗਤੀ ਕੀਤੀ ਤੇ ਇਸ ਸ਼ਹਿਰ ਉੱਤੇ ਅਜਿਹੀ ਕਿਰਪਾ ਕੀਤੀ ਕਿ ਅੱਜ ਸਾਢੇ ਅੱਠ ਸੌ ਸਾਲ ਬੀਤ ਜਾਣ 'ਤੇ ਵੀ ਫਰੀਦਕੋਟੀਏ ਉਸ ਬਖਸ਼ਿਸ਼ 'ਤੇ ਨਦਰੋ ਨਦਰੀ ਨਿਹਾਲ ਹਨ।ਫਰੀਦਕੋਟ ਵਿਖੇ ਹਾਂਸੀ ਹਿਸਾਰ ਜਾਂ ਪਾਕਪਟਨ ਤੋਂ ਵੱਡੇ ਪੱਧਰ ਤੇ ਇਹ ਮੇਲਾ ਮਨਾਇਆ ਜਾਂਦਾ ਹੈ ਭਾਵੇਂ ਕਿ ਇਹਨਾਂ ਸ਼ਹਿਰਾਂ ਦੇ ਮੁਕਾਬਲੇ ਬਾਬਾ ਫਰੀਦ ਜੀ, ਫਰੀਦਕੋਟ ਵਿੱਚ ਸਿਰਫ਼ ਚਾਲੀ ਬਿਆਲੀ ਦਿਨ ਹੀ ਰਹੇ ਮੰਨੇ ਜਾਂਦੇ ਹਨ।ਸ਼ੇਖ਼ ਫਰੀਦ ਜੀ ਨਾਲ ਸਬੰਧਤ ਸਥਾਨਾਂ ਤੇ ਹਰ ਧਰਮ ਮਜ਼੍ਹਬ ਦੇ ਫਰੀਦਕੋਟ ਨਿਵਾਸੀ ਦੀ ਇੱਕੋ ਜਿੰਨ੍ਹੀ ਸ਼ਰਧਾ ਹੈ।19 ਤੋਂ 23 ਸਤੰਬਰ ਤੱਕ ਚੱਲਣ ਵਾਲੇ ਸ਼ੇਖ਼ ਫਰੀਦ ਆਗਮਨ ਪੁਰਬ 'ਤੇ ਦੂਰ ਦੁਰੇਡੇ ਤੋਂ ਲੋਕ ਇਸ ਮੇਲੇ ਦਾ ਅਨੰਦ ਮਾਨਣ ਆਉਂਦੇ ਹਨ।ਕੀਰਤਨ, ਢਾਡੀ, ਖੇਡਾਂ, ਕਵਾਲੀਆਂ, ਸੂਫ਼ੀ ਗਾਇਕੀ, ਪੇਂਡੂ ਖੇਡਾਂ, ਨਾਚ, ਸੱਭਿਆਚਾਰਕ ਵੰਨਗੀਆਂ, ਪੁਸਤਕ/ਸਾਹਿਤ ਮੇਲਾ, ਵਿਰਾਸਤੀ ਪ੍ਰਦਰਸ਼ਨੀਆਂ ਇਸ ਮੇਲੇ ਦਾ ਵਿਸ਼ੇਸ਼ ਹਿੱਸਾ ਹਨ।ਪੰਜ ਦਿਨ ਫਰੀਦਕੋਟ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਵਸਨੀਕ ਤਰ੍ਹਾਂ ਤਰ੍ਹਾਂ ਦੇ ਲੰਗਰਾਂ ਦੀ ਸੇਵਾ ਨਾਲ ਪੰਜਾਬੀ ਮਹਿਮਾਨਨਿਵਾਜ਼ੀ ਦਾ ਕੋਈ ਵੀ ਪਲ ਜ਼ਾਇਆ ਨੀ ਜਾਣ ਦਿੰਦੇ। ਦੋ ਸਾਲ (ਸਾਲ 2020-2021) ਫਰੀਦਕੋਟ ਪ੍ਰਸ਼ਾਸਨ ਵੱਲੋਂ ਕਰੋਨਾ ਕਾਰਨ ਇਹ ਮੇਲਾ ਨਹੀਂ ਮਨਾਇਆ ਗਿਆ। ਪਿਛਲੇ ਸਾਲ ਵਾਂਗ ਇਸ ਵਾਰ ਵੀ ਪੂਰੇ ਜਾਹੋ ਜਲਾਲ ਨਾਲ ਧਾਰਮਿਕ, ਸਾਹਿਤਕ, ਸੱਭਿਆਚਾਰਕ, ਖੇਡ ਪ੍ਰੋਗਰਾਮ ਵੱਖ ਵੱਖ ਸੰਸਥਾਵਾਂ ਵੱਲੋਂ ਆਪਣੇ ਪੱਧਰ 'ਤੇ ਕੀਤੇ ਗਏ। ਅੱਜ ਲਗਭਗ ਸਭ ਪ੍ਰੋਗਰਾਮਾਂ ਦੀ ਸਮਾਪਤੀ ਹੋ ਜਾਵੇਗੀ ਪਰੰਤੂ ਫ਼ਿਰੋਜ਼ਪੁਰ ਵਾਲੀ ਸੜਕ 'ਤੇ ਦਾਣਾ ਮੰਡੀ ਵਿਖੇ ਲੱਗਿਆ ਕਰਾਫਟ ਮੇਲਾ ਹਾਲੇ 29 ਸਤੰਬਰ ਤੱਕ ਜਾਰੀ ਰਹੇਗਾ। ਅੱਜ ਦਾ ਮੁੱਖ ਸਮਾਗਮ ਟਿੱਲਾ ਬਾਬਾ ਫਰੀਦ ਸਾਹਿਬ ਤੋਂ ਗੁਰਦੁਆਰਾ ਗੋਦੜੀ ਸਾਹਿਬ ਤੱਕ ਨਿਕਲਣ ਵਾਲਾ ਨਗਰ ਕੀਰਤਨ ਹੋਵੇਗਾ ਜਿਸ ਵਿੱਚ ਲੱਖਾਂ ਲੋਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।ਦੁਪਹਿਰ ਵੇਲੇ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਸਨਮਾਨ ਸਮਾਗਮ ਅਤੇ ਦੀਵਾਨ ਹੋਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

-ਸ਼ਿਵਜੀਤ ਸਿੰਘ



# 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਤੋਂ ਬਾਅਦ ਸਿੱਖ ਸੰਘਰਸ਼ ਵਿੱਚ ਕੈਨੇਡਾ ਤੋਂ ਜਾ ਕੇ ਇਹਨਾਂ ਸਿੰਘਾਂ ਨੇ ਸਿੱਖ ਕੌਮ ਦੀ ਅਜ਼ਾਦੀ ਲਈ ਆਪਣਾ ਬਲੀਦਾਨ ਦਿੱਤਾ।


ਸ਼ਹੀਦ ਭਾਈ ਲਖਵੀਰ ਸਿੰਘ ਰੋਡੇ
ਆਈ. ਐਸ. ਵਾਈ. ਐਫ. ਕਨਵੀਨੀਅਰ


ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ
ਪ੍ਰਧਾਨ ਗੁਰੂ ਨਾਨਕ ਸਿੱਖ ਗੁਰਦੁਆਰਾ, ਮੈਂਬਰ ਐਸ. ਐਫ. ਜੇ.


ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ
ਮੁਖੀ ਇੰਟਰਨੈਸ਼ਨਲ ਬੱਬਰ ਖਾਲਸਾ


ਸ਼ਹੀਦ ਭਾਈ ਮੋਹਿੰਦਰ ਸਿੰਘ ਕੂਨਰ
ਮੈਂਬਰ ਆਈ. ਐਸ. ਵਾਈ. ਐਫ.


ਸ਼ਹੀਦ ਭਾਈ ਬਲਬੀਰ ਸਿੰਘ ਖਹਿਰਾ
ਮੈਂਬਰ ਆਈ. ਐਸ. ਵਾਈ. ਐਫ.


ਸ਼ਹੀਦ ਭਾਈ ਭੁਪਿੰਦਰ ਸਿੰਘ ਕੂਨਰ
ਮੈਂਬਰ ਆਈ. ਐਸ. ਵਾਈ. ਐਫ.


ਸ਼ਹੀਦ ਭਾਈ ਸੁਰਿੰਦਰ ਸਿੰਘ ਸ਼ਿੰਦਰ
ਮੈਂਬਰ ਆਈ. ਐਸ. ਵਾਈ. ਐਫ.


ਸ਼ਹੀਦ ਭਾਈ ਹਰਜਿੰਦਰ ਸਿੰਘ ਪਾੜ੍ਹਾ
ਮੈਂਬਰ ਆਈ. ਐਸ. ਵਾਈ. ਐਫ.


ਸ਼ਹੀਦ ਭਾਈ ਸੁਰਿੰਦਰ ਸਿੰਘ ਰਵੀ
ਮੈਂਬਰ ਆਈ. ਐਸ. ਵਾਈ. ਐਫ.

ਸ਼ਹੀਦ
ਭਾਈ ਕੁਲਵਿੰਦਰ ਸਿੰਘ
ਮੱਲ੍ਹੀ

ਸ਼ਹੀਦ ਭਾਈ ਕੁਲਵਿੰਦਰ ਸਿੰਘ ਮੱਲ੍ਹੀ
ਮੈਂਬਰ ਆਈ. ਐਸ. ਵਾਈ. ਐਫ.

## ਕੈਨੇਡਾ ਦੇ ਜੁਝਾਰੂ ਸਿੰਘਾਂ ਦੀ ਯਾਦ ਵਿੱਚ ਸਮਾਗਮ

## 29 ਸਤੰਬਰ 2024

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਸ਼ਾਮ 5.30 ਵਜੇ ਪਾਏ ਜਾਣਗੇ।
ਉਪਰੰਤ 9:00 ਵਜੇ ਤੱਕ ਸ਼ਹੀਦਾਂ ਦੀ ਯਾਦ ਵਿੱਚ ਦੀਵਾਨ ਸਜਣਗੇ ਜੀ।

**ਸ੍ਰੀ ਗੁਰੂ ਸਿੰਘ ਸਭਾ ਮਾਲਟਨ ਕੈਨੇਡਾ: 905-671-1662**

ਸ. ਮਨਜੀਤ ਸਿੰਘ ਗਰੇਵਾਲ
647-280-7156

ਸ. ਅਮਰਜੀਤ ਸਿੰਘ ਮਾਨ
647-822-3608

## ਭਗਵੰਤ ਮਾਨ ਇੱਕ ਮਾਨਸਿਕ ਰੋਗੀ

# ਕਿਸੇ ਚੰਗੇ ਹਸਪਤਾਲ ਵਿੱਚੋਂ ਇਲਾਜ ਕਰਵਾਉਣ ਦੀ ਲੋੜ: ਭਾਈ ਮੁਠੱਡਾ, ਬਲਵਿੰਦਰ ਡੱਲੇਵਾਲ

**ਪਿਛਲੇ** ਲੰਬੇ ਸਮੇਂ ਤੋਂ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀ ਜੋ ਕਿ ਐਨ ਐਸ ਏ ਦੇ ਅਧੀਨ ਡਿਬਰੂਗੜ੍ਹ ਦੀ ਜੇਲ ਵਿੱਚ ਬੰਦ ਹਨ ਉਹਨਾਂ ਉੱਤੇ ਦੁਬਾਰਾ ਐਨ ਐਸ ਏ ਵਧਾਉਣ ਲਈ ਪੰਜਾਬ ਸਰਕਾਰ ਨੇ ਅਦਾਲਤ ਵਿੱਚ ਹਲਫਨਾਮਾ ਪੇਸ਼ ਕੀਤਾ ਹੈ ਕਿ ਵਾਰਿਸ ਪੰਜਾਬ ਜਥੇਬੰਦੀ ਦੇ ਮੁਖ ਸੇਵਾਦਰ ਅਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤ ਪਾਲ ਸਿੰਘ ਅਤੇ ਉਸਦੇ ਸਾਥੀਆ ਤੋ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਨ ਨੂੰ ਖਤਰਾ ਹੈ ਤੇ ਡਿਬਰੂਗੜ੍ਹ ਜੇਲ ਵਿਚੋ ਅਜੇ ਵੀ ਉਨਾ ਦੇ ਪਾਕਸਤਾਨੀ ਏਜੰਸੀ ਆਈ ਐਸ ਆਈ ਨਾਲ ਸਿੱਧੇ ਸਬੰਧ ਹਨ ਇਸ ਲਈ ਇਨਾ ਤੇ ਦੂਸਰੀ ਵਾਰ ਐਨ ਐਸ ਏ ਲਾਈ ਹੈ ਇਸ ਉੱਤੇ ਸਖਤ ਟਿੱਪਣੀ ਕਰਦਿਆਂ ਇੰਗਲੈਂਡ ਵਿੱਚ ਪਿਛਲੇ ਲੰਬੇ ਸਮੇਂ ਤੋਂ ਰਾਜਸੀ ਸ਼ਰਨ ਤੇ ਰਹਿ ਰਹੇ ਸਿੱਖ ਫੈਡਰੇਸ਼ਨ ਯੂ ਕੇ ਦੇ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ ਅਤੇ ਭਾਈ ਬਲਵਿੰਦਰ ਸਿੰਘ ਡੱਲੇਵਾਲ ਨੇ ਆਮ ਆਦਮੀ ਪਾਰਟੀ ਨੂੰ ਸਲਾਹ ਦਿੱਤੀ ਹੈ ਕਿ ਪੰਜਾਬ ਦਾ ਕਾਮੇਡੀਅਨ ਮੁੱਖ ਮੰਤਰੀ ਇੱਕ ਮਾਨਸਿਕ ਰੋਗੀ ਹੈ ਅਤੇ ਹਰ ਵੇਲੇ ਸ਼ਰਾਬ ਵਿੱਚ ਧੁੱਤ ਰਹਿੰਦਾ ਹੈ ਅਤੇ ਇਸ ਕਰਕੇ ਇਸ ਦਾ ਇਲਾਜ ਕਿਸੇ ਚੰਗੇ ਹਸਪਤਾਲ ਵਿੱਚੋਂ ਕਰਵਾਉਣਾ ਚਾਹੀਦਾ ਹੈ ਉਪਰੋਕਤ ਫੈਡਰੇਸ਼ਨ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਦੀ ਹਿੰਦੂ ਹਕੂਮਤ ਨਾਲ ਰਲ ਕੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਤੇ ਜੋ ਝੂਠੇ ਕੇਸ ਦਰਜ ਕਰਕੇ ਡਿਬਰੂਗੜ੍ਹ ਦੀ ਜੇਲ ਵਿੱਚ ਡੱਕਿਆ ਹੋਇਆ ਹੈ ਇਸ ਕਰਕੇ ਭਗਵੰਤ ਮਾਨ ਜੋ ਕਿ ਜੈਡ ਪਲੱਸ ਸਕਿਉਰਟੀ ਅਤੇ ਘੱਟੋ ਘੱਟ 1500 ਕਮਾਂਡੋ ਦਸਤਿਆਂ ਦੀ ਛਾਂ ਹੇਠ ਰਹਿੰਦਾ ਹੈ ਪਰ ਫਿਰ ਵੀ ਉਸ ਨੂੰ ਅੰਦਰੋਂ ਅੰਦਰੀ ਆਪਣਾ ਡਰ ਸਤਾ ਰਿਹਾ ਹੈ ਕਿ ਉਸ ਦਾ ਹਾਲ ਵੀ ਕਿਤੇ ਬੇਅੰਤੇ ਬੁੱਚੜ ਵਾਲਾ ਹੀ ਨਾ ਹੋ ਜਾਵੇ।


ਕੁਲਵੰਤ ਸਿੰਘ ਮੁਠੱਡਾ ਯੂ ਕੇ ਬਲਵਿੰਦਰ ਸਿੰਘ ਡੱਲੇਵਾਲ ਯੂ ਕੇ

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫ਼ਤਰ ਅੰਮ੍ਰਿਤਸਰ ਧਰਨੇ ਤੇ ਨਹੀਂ ਨਿਕਲਿਆ ਠੋਸ ਹੱਲ

# 25 ਸਤੰਬਰ ਨੂੰ ਰੇਲ ਰੋਕੋ ਮੋਰਚਾ, ਕੱਲ੍ਹ 12 ਵਜੇ ਤੱਕ ਦਾ ਦਿੱਤਾ ਅਲਟੀਮੇਟਮ



**ਅੰਮ੍ਰਿਤਸਰ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)-** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਆਗੂ ਸਰਵਣ ਸਿੰਘ ਪੰਧੇਰ ਦੀ ਅਗਵਾਹੀ ਵਿੱਚ ਕਿਸਾਨ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਦੀਆਂ ਨੌਕਰੀਆਂ ਅਤੇ ਮੁਆਵਜਿਆਂ, ਸ਼ੰਭੂ ਬਾਰਡਰ ਮੋਰਚੇ ਤੋਂ ਵਾਪਿਸ ਮੁੜਦੇ ਸਮੇਂ ਬੱਸ ਹਾਦਸੇ ਵਿੱਚ ਜਖਮੀ ਹੋਏ ਕਿਸਾਨਾਂ ਮਜਦੂਰਾਂ ਲਈ ਮੁਆਵਜੇ ਸਮੇਤ ਨਸ਼ਾਂ, ਪਰਾਲੀ, ਲੁੱਟਾਂ ਖੋਹਾਂ, ਭਾਰਤ ਮਾਲਾ ਪ੍ਰੋਜੈਕਟ ਸਬੰਧੀ ਮੁਸ਼ਕਿਲਾਂ, ਡੀ ਏ ਪੀ ਦੀ ਕਿੱਲਤ ਆਦਿ ਮਸਲਿਆਂ ਨੂੰ ਲੈ ਕੇ ਲੱਗੇ ਡੀਸੀ ਦਫ਼ਤਰ ਅੰਮ੍ਰਿਤਸਰ ਵਿਖੇ ਮੋਰਚੇ ਵਿਚ ਮੰਗਾਂ ਦਾ ਕੋਈ ਠੋਸ ਹੱਲ ਨਹੀਂ ਨਿਕਲਣ ਕਾਰਨ ਕਿਸਾਨਾਂ ਮਜਦੂਰਾਂ ਵੱਲੋਂ ਰੇਲ ਰੋਕੋ ਮੋਰਚੇ ਦਾ ਐਲਾਨ ਕਰ ਦਿੱਤਾ ਗਿਆ।ਆਗੂਆਂ ਦੱਸਿਆ ਕਿ ਅਫ਼ਸਰਸਾਹੀ ਦਾ ਰਵਈਆ ਬਿਲਕੁਲ ਉਦਾਸੀਨ ਰਿਹਾ, ਪ੍ਰਸ਼ਾਸ਼ਨ ਕੋਲ ਸ਼ਹੀਦ ਕਿਸਾਨਾਂ ਦੇ ਮੁਆਵਜਿਆ ਤੋਂ ਇਲਾਵਾ ਹੋਰ ਕਿਸੇ ਵੀ ਮੰਗ ਤੇ ਤਸੱਲੀਦਾਇਕ ਕਾਰਵਾਈ ਨਹੀਂ ਸੀ। ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਅਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਅਸੀਂ ਰੇਲ ਚੱਕਾ ਜਾਮ ਨਹੀਂ ਕਰਨਾ ਚਾਹੁੰਦੇ ਜਿਸਦੇ ਚਲਦੇ ਸਰਕਾਰ ਨੂੰ ਇੱਕ ਵਾਰ ਫਿਰ ਤੋਂ ਕੱਲ੍ਹ 12 ਵਜੇ ਤੱਕ ਸਮਾਂ ਦੇ ਰਹੇ ਹਾਂ, ਕੱਲ੍ਹ 12 ਵਜੇ ਤੱਕ ਕੋਈ ਰੇਲ ਜਾਮ ਨਹੀਂ ਹੋਏਗੀ ਪਰ ਅਗਰ ਸਰਕਾਰ ਮੰਗਾਂ ਦੀ ਸਥਿਤੀ ਚ ਸੁਧਾਰ ਨਹੀਂ ਕਰਦੀ ਤਾਂ ਅਸੀਂ 12 ਵਜੇ ਨੂੰ ਰੇਲ ਲਾਈਨ ਦੱਬਣ ਲਈ ਮਜਬੂਰ ਹੋਵਾਂਗੇ। ਇਸ ਮੌਕੇ ਸਕੱਤਰ ਸਿੰਘ ਕੋਟਲਾ, ਬਾਜ ਸਿੰਘ ਸਾਰੰਗੜਾ, ਲਖਵਿੰਦਰ ਸਿੰਘ ਡਾਲਾ, ਕੁਲਜੀਤ ਸਿੰਘ ਘਨੂਪੁਰ ਕਾਲੇ, ਸਵਿੰਦਰ ਸਿੰਘ ਰੂਪੋਵਾਲੀ, ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ, ਸੁਖਦੇਵ ਸਿੰਘ ਚਾਟੀਵਿੰਡ, ਬਲਵਿੰਦਰ ਸਿੰਘ ਰੁਮਾਣਾਚੱਕ ਮੰਗਜੀਤ ਸਿੰਘ ਸਿੱਧਵਾਂ, ਕੰਵਰਦਲੀਪ ਸੈਦੋਲੇਹਲ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਮਜਦੂਰ ਅਤੇ ਔਰਤਾਂ ਹਾਜ਼ਿਰ ਹੋਏ।

## ਆਲ ਪੰਜਾਬ ਡੀ.ਐਸ.ਟੀ./ਸੀ.ਟੀ.ਐਸ. ਕੰਟਰੈਕਟਰ ਯੂਨੀਅਨ ਨੂੰ

# ਹਰਜੋਤ ਸਿੰਘ ਬੈਂਸ ਨੂੰ ਦਿੱਤੀ ਵਧਾਈ

**ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ )-**ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਵਲੋਂ ਵੱਡਾ ਫੈਸਲਾ ਲੈਂਦੇ ਹੋਏ 5 ਨਵੇਂ ਚੁਣੇ ਕੈਬਿਨੇਟ ਮੰਤਰੀ ਸਹਿਬਾਨਾਂ ਨੇ ਸੌਹ ਚੁੱਕੀ ਨਾਲ ਹੀ ਹੋਰ ਮੰਤਰੀ ਮੰਡਲ ਵਿਚ ਬਦਲਾਵ ਕੀਤੇ ਗਏ। ਇਸ ਬਦਲਾਵ ਵਿਚ ਸਰਦਾਰ ਹਰਜੋਤ ਸਿੰਘ ਬੈਂਸ ਹਲਕਾ ਅਨੰਦਪੁਰ ਸਾਹਿਬ ਜੀ ਹੁਣਾ ਨੂੰ ਦੁਬਾਰਾ ਤਕਨੀਕੀ ਸਿੱਖਿਆ ਵਿਭਾਗ ਦੇ ਦਿੱਤਾ ਗਿਆ ਹੈ, ਜਿਸ ਤੇ ਆਲ ਪੰਜਾਬ ਡੀ.ਐਸ.ਟੀ./ਸੀ.ਟੀ.ਐਸ.ਕੰਟਰੈਕਟਰ ਯੂਨੀਅਨ (ਆਈ.ਟੀ.ਆਈ. ਇਸਟ੍ਰਕਟਰ)

ਮੁਬਾਰਕਬਾਦ ਦਿੰਦੀ ਹੈ ਅਤੇ ਅੱਗੋ ਆਉਣ ਵਾਲੇ ਸਮੇਂ ਵਿੱਚ ਤਕਨੀਕੀ ਸਿੱਖਿਆ ਵਿਭਾਗ ਲਈ ਚੰਗੇ ਅਤੇ ਇਤਿਹਾਸਿਕ ਫੈਸਲੇ ਲੈਣ ਦੀ ਕਾਮਨਾ ਕਰਦੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਯੂਨੀਅਨ ਦੇ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਉਹ ਕਾਫੀ ਲੰਬੇ ਸਮੇਂ ਤੋਂ ਵਿਭਾਗ ਵੱਲੋਂ ਚਲਾਈਆਂ ਗਈਆਂ ਵੱਖ ਵੱਖ ਸਕੀਮਾਂ ਵਿਚ ਠੇਕਾ ਅਧਾਰਿਤ ਇੰਸਟਰਕਟਰਾਂ ਦੇ ਤੌਰ ਤੇ ਆਪਣੀਆ ਸੇਵਾਵਾਂ ਦੇ ਰਹੇ ਹਨ ਅੱਗੋ ਓਹਨਾ ਦਸਿਆ ਕੇ ਸਰਦਾਰ ਹਰਜੋਤ ਸਿੰਘ ਬੈਂਸ ਜੀ ਪਹਿਲਾ ਵੀ ਤਕਨੀਕੀ ਸਿੱਖਿਆ ਵਿਭਾਗ ਦੇ ਮੰਤਰੀ ਸਨ ਅਤੇ ਓਹਨਾ ਨੇ ਇਸ ਵੇਲੇ ਬਹੁਤ ਸਾਰੇ ਫੈਸਲੇ ਲਏ ਹਨ ਜਿਵੇਂ ਕਰਮਚਾਰੀਆ ਦੀਆ ਬਦਲੀਆਂ ਕਰਨੀਆਂ ਹੋਣ ਜਾ ਫੇਰ ਕਾਫੀ ਚਿਰ ਤੋਂ ਲਮਕ ਰਹੀਆਂ ਤਰਕੀਆ ਦੀ ਗੱਲ ਕਰੀਏ ਤਾਂ ਓਹਨਾ ਨੇ ਬਹੁਤ ਵੱਡੇ ਪੱਧਰ ਤੇ ਤਰੱਕੀਆਂ ਕੀਤੀਆ ਹਨ, ਪਰ ਵਿਭਾਗ ਵਿਚ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਠੇਕਾ ਅਧਾਰਿਤ ਇੰਸਟਰਕਟਰਾਂ ਨੂੰ ਓਹਨਾ ਨੇ ਕੋਈ ਲਾਭ ਨਹੀਂ ਦਿੱਤ ਸੀ। ਪੰਜਾਬ ਵਿੱਚ ਤਕਨੀਕੀ ਸਿੱਖਿਆ ਨੂੰ ਉੱਚਾ ਚੁੱਕਣ ਦੇ ਲਈ ਕੱਚੇ ਇੰਸਟਰਕਟਰਾਂ ਦਾ ਬਹੁਤ ਵੱਡਾ ਯੋਗਦਾਨ ਹੈ ਕਿਉਕਿ ਪੰਜਾਬ ਵਿੱਚ ਤਕਰੀਬਨ ਹਰ ਉਦਯੋਗਿਕ ਸਿਖਲਾਈ ਸੰਸਥਾ ਵਿੱਚ ਠੇਕਾ ਅਧਾਰਿਤ ਇੰਸਟਰੱਕਟਰ ਹੀ ਬਚਿਆ ਨੂੰ ਟ੍ਰੇਨਿੰਗ ਦੇਕੇ ਕੁਸ਼ਲ ਕਾਰੀਗਰ ਬਣਾ ਰਹੀ ਹੈ। ਓਹਨਾ ਦਸਿਆ ਕੇ ਵਿਭਾਗ ਵਿਚ ਤਕਰੀਬਨ 1750 ਦੇ ਕਰੀਬ ਤਕਨੀਕੀ ਇੰਸਟਰਕਟਰਾਂ ਦੀਆ ਪੋਸਟਾਂ ਖਾਲੀ ਪਈਆਂ ਹਨ ਅਤੇ ਪੰਜਾਬ ਦੀਆ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੱਖ ਵੱਖ ਸਕੀਮਾਂ ਵਿਚ ਕਰੀਬਨ 650 ਦੇ ਕਰੀਬ ਕੱਚੇ ਇੰਸਟਰਕਟਰ ਆਪਣੀਆ ਸੇਵਾਵਾਂ ਦੇ ਰਹੇ ਹਨ ਜੋ ਕੇ ਹਰ ਪੱਖੋ ਯੋਗ ਹਨ। ਓਹਨਾ ਕਿਹਾ ਕਿ ਜੇਕਰ ਇਹ ਕੱਚੇ ਇੰਸਟਰਕਟਰਾਂ ਵੱਲੋ ਸੰਸਥਾਵਾ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਯੋਗ ਟ੍ਰੇਨਿੰਗ ਨਾ ਦਿੱਤੀ ਜਾਂਦੀ ਤਾ ਪੰਜਾਬ ਕੁਸ਼ਲ ਕਾਰੀਗਰਾਂ ਤੋਂ ਵਾਂਝਾ ਰਹਿ ਜਾਂਦਾ ਜਿਸ ਨਾਲ ਪੰਜਾਬ ਨੂੰ ਬਹੁਤ ਵੱਡੇ ਪੱਧਰ ਤੇ ਘਾਟਾ ਪੈਂਦਾ। ਪ੍ਰਧਾਨ ਸਾਹਿਬ ਵੱਲੋ ਦਸਿਆ ਗਿਆ ਕੇ ਸਾਡੀ ਯੂਨੀਅਨ ਇਸ ਵਾਰ ਸਰਦਾਰ ਹਰਜੋਤ ਸਿੰਘ ਬੈਂਸ ਜੀ ਤੋਂ ਇਹ ਕਾਮਨਾ ਕਰਦੀ ਹੈ ਕਿ ਜੋ ਕੱਚੇ ਇੰਸਟਰਕਟਰ ਵੱਖ ਵੱਖ ਸੰਸਥਾਵਾਂ ਵਿੱਚ ਸੇਵਾ ਦੇ ਰਹੇ ਹਨ ਅਤੇ ਤਾਜੁਰਬੇਦਾਰ ਹਨ ਅਤੇ ਬਹੁਤ ਘੱਟ ਤਨਖਾਹਾਂ ਤੇ ਕੰਮ ਕਰ ਰਹੇ ਹਨ। ਇਹਨਾਂ ਕੱਚੇ ਇੰਸਟਰਕਟਰਾਂ ਨੂੰ ਵਿਭਾਗ ਅਧੀਨ ਕਰਕੇ ਇਹਨਾ ਦੇ ਪਰਿਵਾਰਾਂ ਦਾ ਅਤੇ ਇਹਨਾ ਕੱਚੇ ਇੰਸਟਰਕਟਰਾਂ ਦਾ ਭਵਿੱਖ ਸੁਰੱਖਿਅਤ ਕਰਨ, ਕਿਉਕਿ ਇਹ ਇੰਸਟਰੱਕਟਰ ਬਹੁਤ ਘੱਟ ਤਨਖਾਹਾਂ ਤੇ ਆਪਣੀਆ ਸੇਵਾਵਾਂ ਦੇਕੇ ਦੇਸ਼ ਦੇ ਤਕਨੀਕੀ ਪੱਧਰ ਨੂੰ ਉੱਚਾ ਚੁੱਕ ਰਹੇ ਹਨ। ਇਸ ਮੌਕੇ ਯੂਨੀਅਨ ਦੇ ਹੋਰ ਮੈਂਬਰ ਵੀ ਹਾਜਰ ਸਨ।



## ਮੁਕੱਦਰ



ਕਿੱਥੋਂ ਦੇਵਾਂ ਖ਼ੁਸ਼ੀਆਂ ਤੈਨੂੰ ਹੱਸਣ ਲਈ ,
ਮੇਰੇ ਘਰ ਤਾਂ ਗ਼ਮਾਂ ਨੇ ਡੇਰੇ ਲਾਏ ਨੇ,

ਦਰਦਾਂ ਨੇ ਗਲ ਘੁੱਟਿਆ ਮੇਰੇ ਚਾਵਾਂ ਦਾ ,
ਦੁੱਖ ਢੱਕਣ ਲਈ ਬੁੱਲ ਮੇਰੇ ਮੁਸਕਰਾਏ ਨੇ,

ਬੂਹੇ ਖੁੱਲ੍ਹੇ ਰੱਖੇ ਨੇ ਮੈਂ ਸੱਧਰਾਂ ਦੇ ,
ਖਿੜੇ ਮੱਥੇ ਦੁੱਖ ਝੋਲੀ ਦੇ ਵਿੱਚ ਪਾਏ ਨੇ,

ਏਧਰ ਓਧਰ ਦੀ ਕਿਵੇਂ ਮੈਂ ਗੱਲ ਕਰਾਂ ,
ਲਿਖਦਾ ਹਾਂ ਜੋ ਸੀਨੇ ਪਲ਼ ਹੰਢਾਏ ਨੇ,

ਕੋਈ ਸ਼ਿਕਵਾ ਨਹੀ ਮੈਨੂੰ ਮੇਰੇ ਮੁਕੱਦਰਾਂ ਤੇ ,
ਮੈਂ ਫ਼ਲ ਕਰਮਾਂ ਦੇ ਝੋਲੀ ਹੱਸ ਕੇ ਪਾਏ ਨੇ,

ਡਿੱਗਣਾ ਔਖ਼ਾ ਪ੍ਰਗਟ" ਦਾ ਕਿਰਦਾਰਾਂ ਤੋਂ ,
ਤਾਹੀਉਂ ਘਾਟੇ ਜ਼ਿੰਦਗੀ ਦੇ ਵਿੱਚ ਖਾਏ ਨੇ,

-ਪ੍ਰਗਟ ਸਿੰਘ ਗਿੱਲ ਬਾਗੀ

# ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਨਮ ਸ਼ਤਾਬਦੀ ਨਾਮ ਤੇ ਸੰਘੀ ਵਿਚਾਰਧਾਰਾ ਦੇ ਪੈਰੋਕਾਰਾਂ ਦਾ ਇਕੱਤਰ ਹੋਣਾ ਉਨ੍ਹਾਂ ਦੀ ਪੰਥਕ ਰੂਹ ਦਾ ਨਿਰਾਦਰ: ਸਰਨਾ

## ਹਰਮੀਤ ਸਿੰਘ ਕਾਲਕਾ ਵਲੋਂ ਕੀਤੇ ਗਏ ਦਾਅਵੇ ਹਾਸੋਹੀਣੇ

**ਨਵੀਂ ਦਿੱਲੀ 24 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਪੰਥਕ ਸਿਆਸਤ ਦੇ ਬਾਬਾ ਬੋਹੜ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਨਮ ਸ਼ਤਾਬਦੀ ਮੌਕੇ ਜੋ ਆਪਣੇ ਆਪ ਨੂੰ ਬਾਗ਼ੀ ਅਕਾਲੀ ਕਹਾਉਂਦੇ ਲੋਕਾਂ ਵੱਲੋਂ ਜੋ ਇਕੱਤਰਤਾ ਕੀਤੀ ਗਈ ਹੈ । ਇਹ ਸਾਬਤ ਕਰਦਾ ਹੈ ਕਿ ਇਹ ਇਕੱਤਰਤਾ ਸੰਘ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਪੰਜਾਬ ਵਿੱਚੋਂ ਅਕਾਲੀ ਵਿਰਾਸਤ ਦਾ ਖ਼ਾਤਮਾ ਲੋਚਣ ਵਾਲੇ (ਆਗੂਆਂ ਦੇ ਪੱਖ ਤੋਂ ) ਲੋਕਾਂ ਦੀ ਇਕੱਤਰਤਾ ਸੀ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਇਸ ਇਕੱਤਰਤਾ ਵਿੱਚ ਜਿਹੜੇ ਵੀ ਧੜੇ ਤੇ ਆਗੂ ਸ਼ਾਮਲ ਹੋਏ ਹਨ । ਉਹਨਾਂ ਵਿੱਚੋਂ ਬਹੁਤ ਸਾਰਿਆਂ ਦੀ ਭਾਜਪਾ ਤੇ ਸੰਘ ਨਾਲ ਸਾਂਝ ਕਿਸੇ ਤੋਂ ਲੁਕੀ ਛੁਪੀ ਨਹੀਂ । ਜਦਕਿ ਸਭ ਨੂੰ ਪਤਾ ਹੈ ਕਿ ਜਥੇਦਾਰ ਟੌਹੜਾ ਸੰਘ ਦੀ ਵਿਚਾਰਧਾਰਾ ਨੂੰ ਕਿਸ ਤਰ੍ਹਾਂ ਪੰਥ ਲਈ ਖਤਰਨਾਕ ਮੰਨਦੇ ਸਨ । ਉਹਨਾਂ ਦੀ ਜਨਮ ਸ਼ਤਾਬਦੀ ਨਾਮ ਤੇ ਸੰਘੀ ਵਿਚਾਰਧਾਰਾ ਦੇ ਪੈਰੋਕਾਰਾਂ ਦਾ ਇਕੱਤਰ ਹੋਣਾ ਉਹ ਪੰਥਕ ਰੂਹ ਦਾ ਨਿਰਾਦਰ ਹੈ । ਇਸ ਇਕੱਤਰਤਾ ਵਿੱਚ ਜੋ ਦਾਅਵੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦਾਅਵੇ ਕੀਤੇ ਹਨ । ਉਹ ਸਾਰੇ ਹੀ ਹਾਸੋਹੀਣੇ ਤੇ ਤੱਥਾਂ ਤੋਂ ਦੂਰ ਹਨ । ਕਾਲਕਾ ਦਾ ਇਹ ਕਹਿਣਾ ਕਿ ਉਹਨਾਂ ਨੇ ਅਕਾਲੀ ਦਲ ਦਿੱਲੀ ਸਟੇਟ ਜਥੇਦਾਰ ਸਾਬ੍ਹ ਦੀ ਸੋਚ ਤੇ ਪਹਿਰਾ ਦੇਣ ਲਈ ਬਣਾਇਆ ਹੈ ਤਾਂ ਉਹ ਦੱਸੇ ਕਿ ਗੁਰਦੁਆਰਿਆਂ ਤੇ ਕਬਜ਼ੇ ਕਰਨਾ ਤੇ ਆਪਣੇ ਹੀ ਕਾਲਜਾਂ ਵਿੱਚ ਗੁਰਸਿੱਖ ਵਿਦਿਆਰਥੀਆਂ ਤੇ ਹਮਲੇ ਕਰਵਾਉਣਾ ਜਥੇਦਾਰ ਟੌਹੜਾ ਸਾਬ੍ਹ ਦੀ ਸੋਚ ਸੀ ? ਇਸ ਟੋਲੇ ਨੇ ਇਕੱਤਰਤਾ ਕਰਕੇ ਕੌਮ ਅੱਗੇ ਆਪਣਾ ਆਪ ਜ਼ਾਹਰ ਕਰ ਦਿੱਤਾ ਹੈ ਕਿ ਇਹ ਸਾਰਾ ਟੋਲਾ ਚਾਹੇ ਕਿਸੇ ਵੀ ਧੜੇ ਦੇ ਰੂਪ ਵਿੱਚ ਵਿਚਰਦਾ ਹੈ । ਪਰ ਇਹ ਸਾਰੇ ਅਸਲ ਵਿੱਚ ਭਾਜਪਾ ਦੇ ਹੱਥ ਠੋਕੇ ਹਨ । ਜੋ ਸਿੱਖਾਂ ਦੀ ਤਾਕਤ ਨੂੰ ਖੇਰੂ ਖੇਰੂ ਕਰਨ ਦੇ ਭਾਜਪਾਈ ਏਜੰਡੇ ਤੇ ਪਹਿਰਾ ਦੇ ਰਹੇ ਹਨ । ਜਥੇਦਾਰ ਟੌਹੜਾ ਦੀ ਸੋਚ ਤੇ ਨਹੀ।



# ਪੰਚਾਇਤੀ , ਬਲਾਕ ਸੰਮਤੀਆਂ, ਜਿਲ੍ਹਾ ਪਰਿਸਦ ਚੋਣਾਂ ਦੇ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਵੱਡੇ ਮਰਜਾਨ ਨਾਲ ਜਿੱਤਣਗੇ : ਸਰਪੰਚ ਹਰਦੀਪ ਸਿੰਘ ਦੌਲਤਪੁਰ

**ਧੂਰੀ ( ਰਣਜੀਤ ਸਿੰਘ ਪੇਧਨੀ )** ਪੰਜਾਬ ਵਿੱਚ ਇਸ ਵਕਤ ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਜਨਤਾ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਸਰਕਾਰ 'ਤੇ ਬਣਾ ਲਈ, ਪਰ ਪਿਛਲੇ ਢਾਈ ਸਾਲਾਂ ਤੋਂ ਪੰਜਾਬ ਵਿੱਚ ਸਰਕਾਰ ਕਿੱਧਰੇ ਨਜ਼ਰ ਨਹੀਂ ਆਈ। ਹਰ ਪਾਸੇ ਲੁੱਟਾਂ-ਖੋਹਾਂ, ਧੀਆਂ ਭੈਣਾਂ ਦੇ ਬਲਾਤਕਾਰ, ਸਰੇਆਮ ਲੋਕ ਦਿਨ ਦਿਹਾੜੇ ਗੋਲੀਆ ਦਾ ਸ਼ਿਕਾਰ ਹੋ ਰਹੇ ਹਨ ਲੋਕ ਰਾਜ ਪੰਜਾਬ ਵਿੱਚ ਕਿੱਧਰੇ ਨਜ਼ਰ ਨਹੀਂ ਆ ਰਿਹਾ, ਪੰਜਾਬ ਵਿਚ ਗੈਂਗਸਟਰਾਂ ਦਾ ਹੀ ਰਾਜ ਲੱਗਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਗਰਸ ਪਾਰਟੀ ਦੇ ਸੀਨੀਅਰ ਆਗੂ ਧੂਰੀ ਤੋਂ ਹਲਕਾ ਇੰਨਚਾਰਜ ਦੇ ਪ੍ਰਮੁੱਖ ਦਾਅਵੇਦਾਰ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੇ ਕੀਤਾ । ਉਨ੍ਹਾਂ ਕਿਹਾ ਕਿ ਹੁਣ ਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਵੀ ਆਪਣੀ ਹੀ ਸਰਕਾਰ ਤੋਂ ਦੁੱਖੀ ਹੋ ਗਏ ਹਨ। ਪੰਜਾਬ ਵਿੱਚ ਕੁੱਝ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਨ ਦਾ ਦਾਅਵਾ ਕਰਕੇ ਆਈ ਮਾਨ ਸਰਕਾਰ ਦੇ ਰਾਜ ਵਿੱਚ ਨਸ਼ਾ ਪਹਿਲਾਂ ਨਾਲੋਂ ਵੱਧਿਆ ਹੈ ਅਤੇ ਹੁਣ ਤਾਂ ਲੜਕੀਆਂ ਵੀ ਸ਼ਰੇਆਮ ਨਸ਼ਾ ਕਰਨ ਲੱਗ ਪਈਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੂਰੀ ਤਰਾਂ ਫੇਲ ਹੋ ਚੁੱਕੀ ਹੈ। ਪੰਜਾਬ ਦੀ ਜਨਤਾ ਆਪਣੇ ਤੇ ਹੋ ਰਹੇ ਅੱਤਿਆਚਾਰਾਂ ਦਾ ਹਿਸਾਬ ਪੰਚਾਇਤੀ, ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਅਤੇ ਨਗਰ ਨਿਗਮ ਦੀਆਂ ਚੋਣਾਂ ਵਿੱਚ ਲਵੇਗੀ।



### ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਨਮ ਸਤਾਬਦੀ ਮੌਕੇ

# ਸ਼੍ਰੋਮਣੀ ਕਮੇਟੀ ਦੀ ਖੁਦ ਮੁਖਤਿਆਰੀ, ਸਮਾਜਿਕ ਚੇਤਨਤਾ ਸੁਧਾਰ ਵਿੰਗ ਸਥਾਪਤ ਕਰਨ ਅਤੇ ਸ੍ਰੀ ਅਕਾਲ ਤਖਤ ਸਹਿਬ ਦੇ ਜਥੇਦਾਰ ਸਾਹਿਬ ਨੂੰ ਖੇਰੂੰ ਖੇਰੂੰ ਪੰਥਕ ਸ਼ਕਤੀ ਨੂੰ ਇੱਕ ਮੁੱਠ ਕਰਨ ਦੀ ਅਪੀਲ




**ਪੰਥ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੂੰ ਸਰਵ ਪ੍ਰਮਾਣਿਤ ਅਤੇ ਪੰਥਕ ਅਗਵਾਈ ਦੀ ਲੋੜ: ਜਥੇਦਰ ਵਡਾਲਾ ☛ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪੰਥਕ ਸ਼ਕਤੀ ਨੂੰ ਇੱਕ ਮੁੱਠ ਅਤੇ ਇੱਕ ਜੁੱਟ ਰੱਖਣ ਲਈ ਜਿੰਦਗੀ ਵੱਡੀਆਂ ਕੁਰਬਾਨੀਆ ਦਿੱਤੀਆਂ: ਪ੍ਰੋ. ਚੰਦੂਮਾਜਰਾ ☛ ਭਾਈ ਅਮ੍ਰਿਤਪਾਲ ਸਿੰਘ ਤੇ ਐਨਐਸਏ ਠੋਸਣਾ ਸਰਾਸਰ ਗਲਤ- ਸਰਬਜੀਤ ਸਿੰਘ ਖਾਲਸਾ**












**ਪਟਿਆਲਾ, 24 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪਹਿਲੀ ਜਨਮ ਸ਼ਤਾਬਦੀ ਮੌਕੇ ਪਿੰਡ ਟੌਹੜਾ ਵਿਚ ਅੱਜ ਪੰਥਕ ਸ਼ਕਤੀ ਦਾ ਲਗਭਗ 25 ਹਜ਼ਾਰ ਦੇ ਕਰੀਬ ਵਿਸ਼ਾਲ ਇਕੱਠ ਹੋਇਆ। ਜਿਥੇ ਪੰਜਾਬ, ਦੇਸ਼, ਵਿਦੇਸਾਂ ਦੇ ਨਾਲ ਨਾਲ ਸੰਤ ਸਮਾਜ, ਪੰਥਕ ਸੰਪਰਦਾਵਾਂ, ਪੰਥਕ ਸੰਗਠਨਾ ਅਤੇ ਸੰਸਥਾਵਾਂ ਦੇ ਆਗੂਆਂ ਨੇ ਪਹੁੰਚ ਕੇ ਜਥੇਦਾਰ ਟੌਹੜਾ ਨੂੰ ਆਪਣੇ ਆਪਣੇ ਸ਼ਬਦਾਂ ਵਿਚ ਯਾਦ ਹੀ ਨਹੀਂ ਕੀਤਾ ਸਗੋਂ ਪੰਥਕ ਸ਼ਕਤੀ ਦਾ ਵੀ ਵੱਡਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਦੋ ਮਤੇ ਵੀ ਸੰਗਤ ਤੋਂ ਪਾਸ ਕਰਵਾਏ। ਜਿਨ੍ਹਾਂ ਵਿਚ ਪ੍ਰਮੁੱਖ ਤੌਰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜੀਵਨ ਤੋਂ ਸੇਧ ਲੈਂਦੇ ਹੋਏ ਪੰਥ ਪ੍ਰਸਤੀ ਦਾ ਮਾਰਗ ਅਪਣਾਉਣ, ਅਕਾਲੀ ਦਲ ਆਪਣੇ ਮੁਢਲੇ ਸਰੋਕਾਰਾਂ ਅਤੇ ਸਿਧਾਂਤਾਂ ਤੋਂ ਥਿੜਕਣ ਦੀ ਬਜਾਏ ਉਨ੍ਹਾਂ ਨੂੰ ਅਪਣਾਉਣ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਖੇਰੂੰ ਖੇਰੂੰ ਪੰਥਕ ਸਕਤੀ ਨੂੰ ਮੁੜ ਤੋਂ ਇੱਕ ਜੁਟ ਕਰਨ, ਅਕਾਲੀ ਦਲ ਦੀ ਅਗਵਾਈ ਪੰਥਕ ਸੋਚ ਅਤੇ ਪੰਥਕ ਵਾਲੇ ਆਗੂਆਂ ਨੂੰ ਸੌਂਪਣ, ਜਥੇਦਾਰ ਸਹਿਬਾਨਾ ਦੀ ਨਿਯੁਕਤੀ ਅਤੇ ਸੇਵਾਮੁਕਤੀ ਦੇ ਨਿਯਮ ਬਣਾਉਣ ਅਤੇ ਸਮਾਜਿਕ ਚੇਤਨਤਾ ਅਤੇ ਸੁਧਾਰ ਵਿੰਗ ਦਾ ਗਠਨ ਕਰਨਾ ਮੁੱਖ ਤੌਰ 'ਤੇ ਸ਼ਾਮਲ ਹਨ। ਬੜੀ ਦੇਰ ਬਾਅਦ ਪੰਥਕ ਸ਼ਕਤੀ ਦੇ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦੀ ਸੁਧਾਰ ਲਹਿਰ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੰਥ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੂੰ ਸਰਵ ਪ੍ਰਮਾਣਿਤ ਅਤੇ ਪੰਥਕ ਅਗਵਾਈ ਦੀ ਲੋੜ ਅਤੇ ਅਕਾਲੀ ਦਲ ਆਪਣੇ ਸਿਧਾਂਤ ਤੋਂ ਥਿੜਕ ਗਿਆ ਹੈ। ਜਿਸ ਦੇ ਕਾਰਨ ਅੱਜ ਹਰ ਪੰਥਕ ਸੰਸਥਾ ਅਤੇ ਵਿਦਵਾਨ ਵੀ ਚਿੰਤਤ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਟੌਹੜਾ ਨੇ ਜੀਵਨ ਭਰ ਪੰਥਕ ਹਿੱਤਾਂ'ਤੇ ਪਹਿਰਾ ਦਿੱਤਾ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਦੀ ਇੱਕ ਬੜ੍ਹਕ ਨਾਲ ਦਿੱਲੀ ਤੱਕ ਹਿਲ ਜਾਂਦੀ ਸੀ, ਕਿਉਂਕਿ ਆਪਣੇ ਸਿਧਾਂਤਾ 'ਤੇ ਕਾਇਮ ਸਨ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪੰਥਕ ਸ਼ਕਤੀ ਨੂੰ ਇੱਕ ਮੁੱਠ ਅਤੇ ਇੱਕ ਜੁੱਟ ਰੱਖਣ ਲਈ ਜਿੰਦਗੀ ਵੱਡੀਆਂ ਕੁਰਬਾਨੀਆ ਦਿੱਤੀਆਂ ਅਤੇ ਉਨ੍ਹਾਂ ਨੇ ਪੁੱਤ ਨਹੀਂ ਜੰਮੇ ਸਗੋਂ ਪੰਥਕ ਆਗੂ ਪੈਦਾ ਕੀਤੇ। ਭਾਵੇਂ ਸਮੇਂ ਨੇ ਕਿਸੇ ਵੀ ਤਰ੍ਹਾਂ ਕਰਵਟ ਲਈ ਹੋਵੇ ਪਰ ਇਹ ਤੈਅ ਹੈ ਕਿ ਜਥੇਦਾਰ ਟੌਹੜਾ ਦੀ ਸੋਚ ਦੀ ਅੱਜ ਵੀ ਸੂਰਜ ਵਾਂਗ ਚਮਕ ਰਹੀ ਹੈ। ਉਨ੍ਹਾਂ ਇਸ ਗੱਲ ਦਾ ਅਫਸੋਸ ਪ੍ਰਗਟ ਕੀਤਾ ਕਿ ਸ਼੍ਰੋਮਣੀ ਕਮੇਟੀ ਨੂੰ ਇੱਥੇ ਆ ਕੇ ਜਥੇਦਾਰ ਟੌਹੜਾ ਦਾ ਜਨਮ ਦਿਨ ਮਨਾਉਣ ਦੀ ਬਜਾਏ ਇਸ ਸਮਾਗਮ ਨੂੰ ਤਾਰਪੀਡੋ ਕਰਨ ਲਈ ਸਾਰਾ ਹੀ ਜੋਰ ਲਗਾ ਦਿੱਤਾ ਅਤੇ ਉਸ ਸਮਾਗਮ ਦੀ ਵਾਗਡੋਰ ਵੀ ਇੱਕ ਗੈਰ ਪੰਥਕ ਵਿਅਕਤੀ ਨੂੰ ਸੌਂਪੀ ਗਈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਅੱਜ ਸਾਡੇ ਨੌਜਵਾਨ ਜੇਲ੍ਹਾਂ ਵਿਚ ਸੜ੍ਹ ਰਹੇ ਹਨ ਅਤੇ ਉਨ੍ਹਾਂ ਨੂੰ ਦੇਸ ਦੇ ਕਾਨੂੰਨ ਮੁਤਾਬਕ ਵੀ ਸ਼ਜਾ ਪੂਰੀ ਹੋਣ ਜਾਣ ਕੇ ਬਾਵਜੂਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਭਾਈ ਅਮ੍ਰਿਤਪਾਲ ਸਿੰਘ, ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜੋਆਣਾ ਨੂੰ ਜੇਲ੍ਹਾਂ ਵਿਚ ਨਾਜਾਇਜ ਤੌਰ 'ਤੇ ਰੱਖਿਆ ਜਾ ਰਿਹਾ ਹੈ। ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਜਿਹੜੇ ਪ੍ਰਧਾਨ ਨੂੰ ਦਿੱਲੀ ਦੀਆਂ ਚੋਣਾਂ ਵਿਚ ਨਾ ਆਉਣ ਲਈ ਕਿਹਾ ਗਿਆ ਹੋਵੇ, ਸੰਗਰੂਰ ਦੀ ਚੋਣ ਵਿਚ ਜਿਸ ਦੀ ਫੋਟੋ ਪੋਸਟਰ 'ਤੇ ਨਾ ਲਗਾਈ ਗਈ ਹੋਵੇ ਅਤੇ ਲੋਕ ਸਾਨੂੰ ਵੀ ਕਹਿਣ ਕਿ ਉਸ ਦੀ ਫੋਟੋ ਨਾ ਲਗਾਉ ਤਾਂ ਉਸ ਪ੍ਰਧਾਨ ਨੂੰ ਖੁਦ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਹਨ, ਜਿਨ੍ਹਾਂ ਦੇ ਅੱਗੇ ਸਾਰਾ ਪੰਜਾਬ ਨਤਮਸਤਕ ਹੋ ਰਿਹਾ ਹੈ। ਬੀਬੀ ਜਾਗੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਟੌਹੜਾ ਦੇ ਜੀਵਨ ਤੋਂ ਵੱਡੀ ਸੇਧ ਲਈ। ਉਹਨਾਂ ਕਿਹਾ ਸਾਡੀ ਨਵੀ ਨੌਜੁਆਨ ਪੀੜੀ ਨੂੰ ਟੌਹੜਾ ਸਾਹਿਬ ਪੰਥਕ ਫ਼ਲਸਫ਼ੇ ਅਤੇ ਸਿੱਖੀ ਸਿਧਾਤਾਂ ਨਾਲ ਹੀ ਸ੍ਰੋਮਣੀ ਅਕਾਲੀ ਦਲ ਅਤੇ ਪੰਥ ਤਕੜਾ ਹੋ ਸਕਦਾ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਸ਼ਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਵੱਲੋਂ ਬੋਲਦਿਆਂ ਬਾਪੂ ਤਰਸੇਮ ਸਿੰਘ ਤਰਫੋ ਵੀ ਹਾਜ਼ਰੀ ਲੁਆਈ ਤੇ ਭਾਈ ਅਮ੍ਰਿਤਪਾਲ ਸਿੰਘ ਤੇ ਸਾਥੀਆਂ ਤੇ ਦੁਬਾਰਾ ਐਨਐਸਏ ਲਾਉਣ ਦੀ ਨਿੰਦਾ ਕੀਤੀ। ਉਹਨਾਂ ਡਿਬਰੂਗੜ ਦੇ ਨਾਲ ਨਾਲ ਪੰਜਾਬ ਦੀਆਂ ਜਾ ਹੋਰ ਨੌਜੁਆਨਾਂ ਦਾ ਮੁੱਦਾ ਵੀ ਚੁੱਕਿਆ। ਉਹਨਾਂ ਸਮੁੱਚੀ ਪੰਥਕ ਸਖ਼ਤੀ ਨੂੰ ਇਕੱਠੇ ਹੋਕੇ ਲੜਨ ਦਾ ਹੋਕਾ ਦਿੱਤਾ। ਭਾਈ ਕੰਵਰਚੜ੍ਹਤ ਸਿੰਘ ਪ੍ਰਧਾਨ ਫੈਡਰੇਸਨ ਵੱਲੋ ਨੌਜੁਆਨਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੁੰਦਿਆਂ ਲੋਕ ਸੇਵਾ ਵਿੱਚ ਅੱਗੇ ਆਉਣ ਦਾ ਹੋਕਾ ਦਿੱਤਾ। ਇਸ ਮੌਕੇ ਡਾ. ਬਲਕਾਰ ਸਿੰਘ 'ਚੇਤਿਆਂ ਵਿਚ ਅੜ੍ਹ ਗਿਆ ਜਥੇਦਾਰ ਟੌਹੜਾ', ਹਰਵਿੰਦਰ ਸਿੰਘ ਖਾਲਸਾ ਦੀ 'ਇਤਿਹਾਸਕ ਮੁਲਾਕਾਤਾਂ ਅਤੇ ਦਸਤਾਵੇਜ਼' ਰੀਲੀਜ਼ ਕੀਤੀ ਗਈ। ਇਹਨਾਂ ਤੋ ਇਲਾਵਾ ਭੁਪਿੰਦਰ ਸਿੰਘ ਅਸੰਦ ਪ੍ਰਧਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਵਣ ਸਿੰਘ ਫਿਲੌਰ, ਸੁੱਚਾ ਸਿੰਘ ਛੋਟੇਪੁੱਰ, ਪ੍ਰਮਿੰਦਰ ਸਿੰਘ ਢੀਡਸਾ, ਜਗਮੀਤ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ, ਰਣਧੀਰ ਸਿੰਘ ਰੱਖੜਾ ਅਤੇ ਭੁਪਿੰਦਰ ਸਿੰਘ ਸੇਖੂਪੁਰ ਵੱਲੋ ਵੀ ਸੰਬੋਧਨ ਕੀਤਾ। ਸਮੁੱਚੀ ਲੀਡਰਸ਼ਿਪ ਵੱਲੋਂ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਵੱਲੋਂ ਧੰਨਵਾਦ ਕੀਤਾ ਗਿਆ। ਸਟੇਜ ਦੀ ਭੂਮਿਕਾ ਜਥੇਦਾਰ ਕਰਨੈਲ ਸਿੰਘ ਪੰਜੋਲੀ, ਹਰਿੰਦਰਪਾਲ ਸਿੰਘ ਚੰਦੂਮਾਜਰਾ,ਹਰਿੰਦਰਪਾਲ ਸਿੰਘ ਟੌਹੜਾ ਅਤੇ ਸਤਵਿੰਦਰ ਸਿੰਘ ਟੋਹੜਾ ਨੇ ਨਿਭਾਈ। ਅੱਜ ਪੰਥ ਰਤਨ ਜਥੇਦਾਰ ਟੌਹੜਾ ਦੀ ਜਨਮ ਸ਼ਤਾਬਦੀ ਮੌਕੇ ਦਸਤਾਰਾਂ ਦਾ ਲੰਗਰ, ਮੈਡੀਕਲ ਕੈਂਪ, ਜਲੇਬੀਆਂ ਦੇ ਅਤੁਟ ਲੰਗਰ ਵਰਤਾਏ ਗਏ। ਸਮਾਗਮ ਵਿਚ ਵਿਸ਼ੇਸ਼ ਤੌਰ'ਤੇ ਪ੍ਰੋ. ਮਨਜੀਤ ਸਿੰਘ ਸਾਬਕਾ ਜਥੇਾਦਰ ਸ੍ਰੀ ਅਕਾਲ ਤਖਤ ਸਾਹਿਬ, ਹਰਮੇਲ ਸਿੰਘ ਟੌਹੜਾ, ਕੁਲਦੀਪ ਕੌਰ ਟੌਹੜਾ, ਗਗਨਜੀਤ ਸਿੰਘ ਬਰਨਾਲਾ, ਬਲਦੇਵ ਸਿੰਘ ਮਾਨ, ਬੀਬੀ ਪਰਮਜੀਤ ਸਿੰਘ ਲਾਂਡਰਾ, ਭਾਈ ਮਨਜੀਤ ਸਿੰਘ, ਸੰਤਾ ਸਿੰਘ ਉਮੈਦਪੁਰੀ, ਬੀਬੀ ਸਤਵਿਦੰਰ ਕੌਰ ਧਾਲੀਵਾਲ, ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਪਰਮਜੀਤ ਕੌਰ ਗੁਲਸ਼ਨ, ਇੰਦਰਮੋਹਨ ਸਿੰਘ ਲਖਮੀਰਵਾਲਾ, ਬਾਬਾ ਗੁਰਮੀਤ ਸਿੰਘ ਜੀ ਤਰਲੋਕੇਵਾਲਾ, ਮਿੱਠੀ ਸਿੰਘ ਕਾਹਨੇਕੇ, ਮਲਕੀਤ ਸਿਮਘ ਚੰਗਾਲ, ਰਾਮਪਾਲ ਸਿੰਘ ਬਹਿਣੀਵਾਲ, ਤੇਜਿੰਦਰਪਾਲ ਸਿੰਘ ਸੰਧੂ, ਜਗਜੀਤ ਸਿੰਘ ਕੋਹਲੀ, ਜਰਨੈਲ ਸਿੰਘ ਕਰਤਾਪੁਰ, ਸੁਖਵਿੰਦਰ ਸਿੰਘ ਰਾਜਲਾ, ਪਰਮਜੀਤ ਸਿੰਘ ਸਿਧਵਾਂ, ਐਡਵੋਕੇਟ ਰਾਵਿੰਦਰ ਸਿੰਘ ਆਦਿ। ਇਹਨਾਂ ਤੋ ਇਲਤਵਾ ਪੰਥਕ ਸਖਸੀਅਤਾਂ ਵਿੱਚ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਮਨਜੀਤ ਸਿੰਘ ਜੀ, ਸੰਤ ਸਮਾਜ ਤੋਂ ਬਾਬਾ ਸਰਬਜੀਤ ਸਿੰਘ ਬੇਦੀ, ਬੁਢਾ ਦਲ ਬਾਬਾ ਮਨਮੋਹਨ ਸਿੰਘ, ਦਾ ਸੰਦੇਸ, ਬਾਬਾ ਕਸ਼ਮੀਰ ਸਿੰਘ, ਬਾਬਾ ਸਿੰਘ ਸੇਵਾ ਖਡੂਰ ਸਾਹਿਬ ਵਾਲੇ, ਦਲ ਖਾਲਸਾ ਆਗੂ, ਸੰਤ ਸਮਾਜ ਆਗੂ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਮਨਮੋਹਨ ਸਿੰਘ ਬਾਰਨ, ਗੁਰਦੀਪ ਸਿੰਘ ਕਾਲੀ ਕੰਬਲੀ ਵਾਲੇ ਆਦਿ ਵਿਸ਼ੇਸ ਤੌਰ 'ਤੇ ਹਾਜ਼ਰ ਸਨ। ਸੱਚ ਜਾਣਿਓ ਮੇਲੇ ਵਰਗਾ ਮਹੌਲ ਸੀ ਦਾਣਾ-ਮੰਡੀ ਟੌਹੜਾ ਦਾ। ••

ਇੰਟਰਨੈਸ਼ਨਲ ਪੰਥਕ ਦਲ ਦੀ ਜੀਰਾ ਦੇ ਪਿੰਡ ਵਕੀਲਾਂ ਵਿੱਚ ਹੋਈ ਇਕੱਤਰਤਾ

# 14 ਮੈਂਬਰਾਂ ਦੀ ਕੀਤੀ ਗਈ ਚੋਣ











## ਭਾਈ ਬਚਿੱਤਰ ਸਿੰਘ ਵਕੀਲਾਂ ਵਾਲੇ ਜ਼ੀਰਾ ਬਲਾਕ ਦਾ ਪ੍ਰਧਾਨ ਲਾਇਆ ਗਿਆ



**ਜ਼ੀਰਾ/ਫਿਰੋਜ਼ਪੁਰ, 24 ਸਤੰਬਰ (ਸੁਖਮੰਦਰ ਸਿੰਘ ਸ਼ਾਤ)**-ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਜੀ ਇੰਟਰਨੈਸ਼ਨਲ ਪੰਥਕ ਦਲ ਵਲੋਂ ਪਿੰਡ ਵਕੀਲਾ ਵਾਲਾ ਵਿੱਚ ਮੀਟਿੰਗ ਹੋਈ। ਜਿਸ ਵਿਚ ਬਾਬਾ ਸਤਨਾਮ ਸਿੰਘ ਵੱਲੀਆ ਪੰਜਾਬ ਪ੍ਰਧਾਨ ਦੀ ਰਹਿਨੁਮਾਈ ਹੇਠ ਹੋਈ। ਅਤੇ ਭਾਈ ਅਮਰੀਕ ਸਿੰਘ ਛੂਛਕ ਦੀ ਪ੍ਰੇਰਣਾ ਸਦਕਾ ਜਿਸ ਵਿਚ ਸਿੱਖ ਕੌਮ ਦੀ ਸੇਵਾ ਲਈ ਜੀਰਾ ਬਲਾਕ ਦੇ ਪ੍ਰਧਾਨ ਗਿਆਨੀ ਬਚਿੱਤਰ ਸਿੰਘ ਵਕੀਲਾ ਵਾਲੇ ਥਾਪੇ ਗਏ ਤੇ ਮੀਤ ਪ੍ਰਧਾਨ ਭਾਈ ਜਗਦੀਪ ਸਿੰਘ ਵਕੀਲਾ ਵਾਲਾ ਤੇ ਜਰਨਲ ਸਕੱਤਰ ਭਾਈ ਗੁਰਪ੍ਰੀਤ ਸਿੰਘ ਬਹਿਕ ਗੁਜਰਾ ਤੇ ਮੀਤ ਜਰਨਲ ਸਕੱਤਰ ਜਸਕਰਨ ਸਿੰਘ ਵਕੀਲਾ ਵਾਲਾ ਸੁਖਮੰਦਰ ਸਿੰਘ ਹੋਲਾਵਾਲੀ ਕੈਸੀਅਰ ਤੇ ਮੈਬਰ ਨਿਰਭੈ ਸਿੰਘ ਹੋਲਾ ਵਾਲੀ ਗੁਰਪਰਭਸਿਮਰਨ ਸਿੰਘ ਰਟੋਲ ਰੋਹੀ ਕੁਲਬੀਰ ਸਿੰਘ ਵਕੀਲਾ ਵਾਲਾ ਜੋਰਾ ਸਿੰਘ ਰਟੋਲ ਅਰਜਨ ਸਿੰਘ ਵਕੀਲਾ ਦਰਸਨ ਸਿੰਘ ਸੂਸਕ ਸੁਲੱਖਣ ਸਿੰਘ ਹੋਲਾਵਾਲੀ ਰਾਜਵੀਰ ਸਿੰਘ ਰਟੋਲ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿਹਤ ਵਿਭਾਗ ਦੇ ਕੰਮਾਂ ਦੀ

# ਸਮੀਖਿਆ ਲਈ ਕੀਤੀ ਅਹਿਮ ਮੀਟਿੰਗ

**ਚੌਕ ਮਹਿਤਾ, 24 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋ ਮੀਟਿੰਗ ਹਾਲ ਦਫਤਰ ਸਿਵਲ ਸਰਜਨ ਵਿਖੇ ਸਿਹਤ ਵਿਭਾਗ ਦੇ ਕੰਮਾਂ ਦੀ ਸਮੀਖਿਆ ਲਈ ਅਹਿਮ ਮੀਟਿੰਗ ਕੀਤੀ ਗਈ ।ਜਿਸ ਵਿਚ ਸਮੂਹ ਪ੍ਰੋਗਰਾਮ ਅਧਿਕਾਰੀ ਅਤੇ ਸੀਨੀਅਰ ਮੈਡੀਕਲ ਅਫਸਰ ਸ਼ਾਮਿਲ ਹੋਏ।ਇਸ ਦੌਰਾਨ ਡਾ ਕਿਰਨਦੀਪ ਕੌਰ ਵਲੋ ਕਿਹਾ ਕਿ ਸਿਹਤ ਵਿਭਾਗ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ। ਇਸ ਲਈ ਉਹਨਾਂ ਨੇ ਜਿਲੇ ਭਰ ਦੇ ਸਾਰੇ ਅਧਿਕਾਰੀਆਂ ਨੂੰ ਕਿਹਾ ਕਿ ਜਿਲੇ ਭਰ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਮਿਆਰੀ ਅਤੇ ਉੱਚ ਪੱਧਰੀ ਸਿਹਤ ਸਹੂਲਤਾਂ ਦੇਣਾਂ ਯਕੀਨੀਂ ਬਣਾਇਆ ਜਾਵੇ, ਤਾ ਜੋ ਲੋਕਾਂ ਨੂੰ ਜਰੂਰੀ ਸਿਹਤ ਸਹੂਲਤਾਂ ਜਿਵੇਂ ਕਿ ਜੱਚਾ-ਬੱਚਾ ਸਿਹਤ ਸੰਭਾਲ, ਜਣੇਪਾ ਸੁਵਿਧਾਵਾਂ, ਜਨਣੀ ਸਿਸ਼ੂ ਸੁਰੱਖਿਆ ਪਰੋਗਰਾਮ, ਜੇ.ਐਸ.ਵਾਈ., ਪਰਿਵਾਰ ਨਿਯੋਜਨ, ਸੈਕਸ ਰੇਸ਼ੋ, ਟੀਕਾਕਰਣ ਸੁਵਿਧਾਵਾਂ, ਮਲੇਰੀਆ/ਡੇਂਗੂ, ਗੈਰ ਸੰਚਾਰੀ ਬੀਮਾਰੀਆਂ, ਟੀ.ਬੀ.ਦਾ ਮੁਫਤ ਇਲਾਜ, ਕੋਹੜ ਰੋਗ ਸੰਬਧੀ ਇਲਾਜ ਦੀਆਂ ਸੁਵਿਧਾਵਾਂ, ਸ਼ਹਿਰ ਭਰ ਵਿਚ ਸਾਫ ਸੁਥਰਾ ਅਤੇ ਮਿਆਰੀ ਖਾਦ ਪਦਾਰਥਾਂ ਦੀ ਵਿਕਰੀ, ਬਰਸਾਤੀ ਮੌਸਮ ਦੌਰਾਣ ਪਾਨੀ ਨਾਲ ਫੈਲਣ ਵਾਲੇ ਰੋਗਾਂ ਦੀ ਰੋਕਥਾਮ, ਕੋਟਪਾ ਐਕਟ ਦੀ ਸਖਤੀ ਨਾਲ ਪਾਲਣਾਂ, ਨੈਸ਼ਨਲ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ, ਦੰਦਾਂ ਦੀ ਦੇਖਭਾਲ ਲਈ ਉਰਲ ਹੈਲਥ ਵੀਕ, ਆਮ ਆਦਮੀਂ ਕਲੀਨਿਕਾਂ ਵਿਚ ਸੇਵਾਵਾਂ, ਆਯੂਸ਼ਮਾਨ ਭਾਰਤ ਬੀਮਾਂ ਯੋਜਨਾਂ, ਓਟ ਕਲੀਨਿਕ, ਖੂਨ ਦਾਨ ਕੈਂਪ, ਸਾਰੇ ਕੌਮੀ ਸਿਹਤ ਪ੍ਰੋਗਰਾਮ, ਵੱਖ-ਵੱਖ ਪ੍ਰੋਗਰਾਮਾਂ ਸੰਬਧੀ ਜਾਗਰੂਕਤਾ ਕੈਂਪ, ਆਦੀ ਪ੍ਰਦਾਨ ਕੀਤੀਆਂ ਜਾ ਸਕਣ। ਇਸਤੋਂ ਇਲਾਵਾ ਯੂ-ਵਿਨ ਪੋਰਟਲ ਐਂਟਰੀ, ਆਭਾ-ਆਈ.ਡੀ. ਅਤੇ ਸਾਰੀਆਂ ਆਨਲਾਈਨ ਐਂਟਰੀਆਂ ਸਮੇਂ ਤੇ ਕਰਨ ਲਈ ਹਿਦਾਇਤਾਂ ਜਾਰੀ ਕੀਤੀਆਂ।ਇਸਦੇ ਨਾਲ ਹੀ ਉਹਨਾਂ ਵਲੋਂ ਜਿਲੇ ਭਰ ਦੀ ਕਾਰਗੁਜਾਰੀ ਰਿਪੋਰਟ ਦੀ ਸਮੀਖਿਆ ਕੀਤੀ ਅਤੇ ਸਮੂਹ ਅਧਿਕਾਰੀਆਂ ਨੂੰ ਆਪਣੇ ਟੀਚੇ 100 ਪ੍ਰਤੀਸ਼ਤ ਪੂਰੇ ਕਰਨ ਲਈ ਕਿਹਾ। ਇਸ ਮੋਕੇ ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲਾ ਟੀਕਾਕਰਣ ਅਫਸਰ ਡਾ ਭਾਰਤੀ ਧਵਨ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲਾ ਸਿਹਤ ਅਫਸਰ ਡਾ ਜਸਪਾਲ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ ਗੁਰਮੀਤ ਕੌਰ, ਜਿਲ ਦੇ ਸਮੂਹ ਸੀਨੀਅਰ ਮੈਡੀਕਲ ਅਫਸਰ, ਜਿਲਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ, ਜਿਲ੍ਹਾ ਟੀ.ਬੀ.ਅਫਸਰ ਡਾ ਵਿਜੇ ਗੋਤਵਾਲ, ਆਰ.ਬੀ.ਐਸ.ਕੇ. ਨੋਡਲ ਅਫਸਰ ਡਾ ਸੁਨੀਤ ਗੁਰਮ ਗੁਪਤਾ, ਡਬਯੂ.ਐਚ.ਓ. ਵਲੋਂ ਡਾ ਇਸ਼ਿਤਾ, ਡਾ ਪਰਿਤੋਸ਼ ਧਵਨ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡੀ.ਪੀ.ਐਮ. ਸੁਖਜਿੰਦਰ ਸਿੰਘ ਅਤੇ ਜਿਲਾ ਅਕਾਂਓਂਟ ਅਫਸਰ ਮਲਵਿੰਦਰ ਸਿੰਘ ਹਾਜਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਕੋਟ ਈਸੇ ਦੇ ਗ.ਰੀਬ ਮੋਹਨ ਸਿੰਘ ਦੀ ਕੀਤੀ ਰਾਗੀ ਪਿੱਪਲ ਸਿੰਘ UK .ਫਰੀਦਕੋਟ ਨੇ ਕੀਤੀ ਮੱਦਦ

## ਗਰੀਬ ਬੱਚੇ ਦੀ ਮੱਦਦ ਕਰਕੇ ਕੀਤੀ ਮਿਸਾਲ ਕਾਇਮ,ਤੇ ਸਮੂਹ ਰਾਗੀ ਪਾਠੀ ਤੇ ਸਿਰਕੀਬੰਦ ਭਾਈ ਦਾ ਕੀਤਾ ਸਿਰ ਉੱਚਾ





ਮੋਗਾ, ਫਿਰੋਜ਼ਪੁਰ 24ਸਤੰਬਰ (ਸੁਖਮੰਦਰ ਸਿੰਘ ਸ਼ਾਂਤ): ਕੋਟ ਈਸੇ ਖਾਂ ਦੇ ਚੌਂਕ ਵਿੱਚ, ਸਮਾਜ ਸੇਵੀਆਂ ਨੇ 15 ਸਾਲ ਦੇ ਬੱਚੇ ਮੋਹਨ ਸਿੰਘ ਨੂੰ ਉਤਸ਼ਾਹਿਤ ਕੀਤਾ, ਜਿਸ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣਾ ਕੰਮ ਜਾਰੀ ਰੱਖਿਆ। ਅੱਜ ਭਾਈ ਬਲਵੀਰ ਸਿੰਘ ਪਾਂਧੀ ਪ੍ਰੈਸ ਸਕੱਤਰ ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ,ਤੇ ਸਮੂਹ ਸਿਰਕੀਬੰਦ ਸਭਾ ਪੰਜਾਬ ਆਗੂ ਨੇ ਭਾਈ ਪਿੱਪਲ ਸਿੰਘ ਅਮਰੀਕਾ (ਫ਼ਰੀਦਕੋਟ) ਜੋ ਮੱਦਦ ਮੋਹਨ ਸਿੰਘ ਤੇ ਤਿੰਨ ਭੈਣਾਂ ਦੇ ਇਕਲੌਤੇ ਛੋਟੇ ਵੀਰ ਰਾਗੀ ਪਿੱਪਲ ਸਿੰਘ ਅਮਰੀਕਾ (ਫ਼ਰੀਦਕੋਟ) ਵੱਲੋਂ ਕੀਤੀ ਜਾ ਰਹੀ ਮਹਾਨ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ ਜੋ ਭਾਈ ਪਾਂਧੀ ਨੇ ਪਰਿਵਾਰ ਨੂੰ ਸੌਂਪੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪਣੇ, ਮੰਨਣ ਨਾਲ ਹੀ ਹੁੰਦੇ ਨੇ, ਇੱਥੇ ਤਾ ਜਨਤਾ ਢਿੱਡੋ ਜੰਮੇ ਨੂੰ ਸ਼ਰੀਕ ਦੱਸੀ ਜਾਂਦੀ ਆ

ਜੇ ਆਪਣਾ ਕੋਈ ਚੰਗਾ ਕਾਰਜ ਕਰੇ ਤਾਂ ਮਾਣ ਨਾਲ ਸਿਰ ਤਾਂ ਨਾਲ ਦਿਆਂ ਦਾ ਵੀ ਉੱਚਾ ਹੀ ਹੁੰਦਾ ਸੰਸਾਰਿਕ ਤੌਰ ਤੇ ਆਪਣਿਆਂ ਦਾ ਮੂਲਾਂਕਣ ਆਪਾਂ ਪਰਿਵਾਰ ਤੋਂ ਸ਼ੁਰੂ ਕਰਦੇ ਆ । ਪਰਿਵਾਰ ਤੋਂ ਬਾਅਦ ਆਪਣਾ ਪਿੰਡ, ਆਪਣਾ ਜਿਲਾ, ਆਪਣਾ ਰਾਜ ਤੇ ਆਪਣਾ ਦੇਸ਼ ।ਆਪਣੇ ਪਰਿਵਾਰ ਵਿੱਚੋਂ ਕੋਈ ਨੇਕ ਕੰਮ ਕਰੇ ਤਾਂ ਮਾਣ ਨਾਲ ਸਿਰ ਪਰਿਵਾਰ ਸਮੇਤ, ਕਾਰਜਾਂ ਦੇ ਮੁਤਾਬਕ ਦੇਸ਼ ਤੱਕ ਦਾ ਉੱਚਾ ਹੁੰਦਾ ਹੈ । ਆਪਣੇ ਪਿੰਡ ਬਲਬੇੜਾ ਬਾਰੇ ਮੈਂ ਪਹਿਲਾਂ ਵੀ ਇੱਕ ਰਿਪੋਰਟ ਛਾਪੀ ਸੀ । ਜਿਸ ਵਿੱਚ ਮੈਂ ਪਿੰਡ ਦੇ ਜੱਦੀ ਵਸਨੀਕ ਸਾਰੇ ਆਪਸ ਦੇ ਵਿੱਚ ਸਕੇ ਭੈਣ ਭਰਾ ਹਨ ਦਾ ਜ਼ਿਕਰ ਕੀਤਾ ਸੀ । ਕਿਉਂਕਿ ਪਿੰਡ ਬਲਬੇੜਾ ਦੇ ਸਾਰੇ ਜੱਦੀ ਵਸਨੀਕ ਪੀੜੀ ਦਰ ਪੀੜੀ ਇੱਕੋ ਬਜ਼ੁਰਗ ਦੀ ਔਲਾਦ ਹਨ।

**-ਪਰਗਟ ਸਿੰਘ ਬਲਬੇੜਾ, 9022000070**

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਨੂੰਨਾ ਬਰਕਤਾਂ ਦੀ ਧੀ ਸਿਮਰਨਜੀਤ ਕੌਰ ਨੇ ਏਸ਼ੀਆ ਮਹਾਂਦੀਪ ਗੋਲਡ ਮੈਡਲ ਜਿੱਤਿਆ

☛ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਕਾਦੀਆਂ ਦੇ ਇਨਚਾਰਜ ਸ੍ਰ ਗੁਰਇਕਬਾਲ ਸਿੰਘ ਮਾਹਲ ਉਚੇਚੇ ਤੌਰ ਤੇ ਵਧਾਈਆਂ ਦੇਣ ਲਈ ਪਹੁੰਚੇ ☛ ਗੁਰਇਕਬਾਲ ਸਿੰਘ ਮਾਹਲ ਨੇ ਸਿਰੋਪਾਓ ਦੇ ਕੇ ਸਿਮਰਨਜੀਤ ਕੌਰ ਨੂੰ ਕੀਤਾ ਸਨਮਾਨਤ

ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 24 ਸਤੰਬਰ (ਕੁਲਜੀਤ ਸਿੰਘ ਖੋਖਰ)-ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਹਨੂੰਵਾਨ ਦੇ ਛੰਭ ਦੇ ਪਿੰਡ ਨੂੰਨਾ ਬਰਕਤਾਂ ਦੀ ਧੀ ਸਿਮਰਨਜੀਤ ਕੌਰ ਨੇ ਪੂਰੇ ਏਸ਼ੀਆ ਮਹਾਂਦੀਪ ਵਿਚੋਂ ਬੋਕਸਿੰਗ ਖੇਡਾਂ ਵਿਚੋਂ ਸੋਨਾ ਤਮਗਾ ਜਿੱਤਿਆ ਤੇ ਜ਼ਿਲ੍ਹਾ ਗੁਰਦਾਸਪੁਰ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਸਿਮਰਨਜੀਤ ਕੌਰ ਵੱਲੋਂ ਸੋਨੇ ਦਾ ਤਗਮਾ ਜਿੱਤਣ ਤੇ ਪੂਰੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਸਿਮਰਨਜੀਤ ਕੌਰ ਨੂੰ ਵਧਾਈਆਂ ਦੇਣ ਲਈ ਉਹਨਾਂ ਦੇ ਘਰ ਲੋਕਾਂ ਦਾ ਤਾਂਤਾ ਲੱਗਿਆ ਹੋਇਆ ਹੈ ਸਿਮਰਨਜੀਤ ਕੌਰ ਸੱਤਵੀਂ ਜਮਾਤ ਦੀ ਵਿਦਿਆਰਥਣ ਹੈ ਤੇ ਸੰਤ ਪਬਲਿਕ ਸਕੂਲ ਬਸਰਾਵਾ ਵਿਚ ਪੜ੍ਹਦੀ ਹੈ ਇਸੇ ਮੋਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਕਾਦੀਆਂ ਦੇ ਇਨਚਾਰਜ ਗੁਰਇਕਬਾਲ ਸਿੰਘ ਮਾਹਲ ਵਧਾਈਆਂ ਦੇਣ ਲਈ ਪਿੰਡ ਨੂਨਾ ਬਰਕਤਾਂ ਵਿੱਚ ਪਹੁੰਚੇ ਜਿੱਥੇ ਉਹਨਾਂ ਵੱਲੋਂ ਸਿਮਰਨਜੀਤ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਸਾਨੂੰ ਆਪਣੀਆਂ ਧੀਆਂ ਤੇ ਮਾਣ ਹੈ ਕਿ ਉਹ ਹਮੇਸ਼ਾ ਉਚੀਆਂ ਬੁਲੰਦੀਆਂ ਨੂੰ ਛੂਹਣ ਵਿਚ ਕਾਮਯਾਬ ਹੋਣਗੀਆਂ ਜਦੋਂ ਇਸ ਸਬੰਧੀ ਸਿਮਰਨਜੀਤ ਕੌਰ ਦੇ ਪਿਤਾ ਜੀ ਨਾਲ ਗੱਲ ਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਹਲਕੇ ਦੇ ਤਿੰਨ ਤਿੰਨ ਪਿੰਡਾਂ ਵਿੱਚ ਖੇਡਾਂ ਦੇ ਕਲੱਬ ਬਣਾਕੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇ ਤਾਂ ਕਿ ਸਾਡੇ ਬੱਚੇ ਨਸ਼ਿਆਂ ਤੋਂ ਦੂਰ ਰਹਿਣ ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਕਾਦੀਆਂ ਦੇ ਇਨਚਾਰਜ ਗੁਰਇਕਬਾਲ ਸਿੰਘ ਮਾਹਲ ਅਤੇ ਪਿੰਡ ਵਾਸੀਆਂ ਤੋਂ ਇਲਾਵਾ ਇਲਾਕੇ ਦੇ ਸਮੂਹਿਕ ਪਤਵੰਤੇ ਸੱਜਣ ਹਾਜ਼ਰ ਸਨ।





ਆਵਾਜ਼ਿ ਕੌਮ AWAZE QAUM International Newspaper & WEB TV

### ਸਫਾਈ ਸੇਵਾ ਕਾਰਜਾਂ ਨਾਲ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# "ਸਵੱਛਤਾ ਹੀ ਸੇਵਾ" ਮੁਹਿੰਮ ਦੀ ਸ਼ੁਰੂਆਤ



**ਤਲਵੰਡੀ ਸਾਬੋ, 24 ਸਤੰਬਰ (ਗੁਰਜੰਟ ਸਿੰਘ ਨਥੇਹਾ)-** ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਡਾ. ਪੀਯੂਸ਼ ਵਰਮਾ, ਕਾਰਜਕਾਰੀ ਉਪ ਕੁਲਪਤੀ ਦੀ ਰਹਿਨੁਮਾਈ ਹੇਠ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ "ਸਵੱਛਤਾ ਹੀ ਸੇਵਾ" ਮੁਹਿੰਮ ਦੀ ਸ਼ੁਰੂਆਤ ਪਿੰਡ ਜਗਾ ਰਾਮ ਤੀਰਥ ਦੇ ਗੁਰੂ ਘਰ ਵਿਖੇ ਸਫਾਈ ਅਤੇ ਸਵੱਛਤਾ ਦਾ ਸੰਦੇਸ਼ ਦਿੰਦੇ ਪੋਸਟਰ ਮੇਕਿੰਗ ਮੁਕਾਬਲੇ ਆਯੋਜਿਤ ਕਰਕੇ ਕੀਤੀ ਗਈ। ਇਸ ਮੌਕੇ ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਵਿਦਿਆਰਥੀ ਭਲਾਈ ਨੇ ਵਿਦਿਆਰਥੀਆਂ ਨੂੰ ਆਲੇ-ਦੁਆਲੇ ਦੀ ਸਫਾਈ ਰੱਖਣ, ਪਲਾਸਟਿਕ ਮੁਕਤ ਚੌਗਿਰਦਾ ਅਤੇ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਫਾਈ ਨੂੰ ਪੂਜਾ ਦੱਸਦੇ ਹੋਏ ਸਭਨਾਂ ਨੂੰ ਇਸ ਮੁਹਿੰਮ ਨਾਲ ਜੁੜਨ ਲਈ ਕਿਹਾ। ਇਸ ਮੌਕੇ ਡਾ. ਕੰਵਲਜੀਤ ਕੌਰ, ਡਾਇਰੈਕਟਰ ਯੁਵਾ ਅਤੇ ਸੱਭਿਆਚਾਰ ਮਾਮਲੇ ਦੀ ਅਗਵਾਈ ਵਿੱਚ ਜਸਵਿੰਦਰ ਸਿੰਘ ਬਰਾੜ ਤੇ ਅਸ਼ਵਨੀ ਕੁਮਾਰ ਐਨਐਸਐਸ ਕੁਆਰਡੀਨੇਟਰਾਂ ਵੱਲੋਂ ਪਿੰਡ ਜਗਾ ਰਾਮ ਤੀਰਥ ਦੇ ਗੁਰੂ ਘਰ ਵਿਖੇ ਸਫਾਈ ਅਭਿਆਨ ਚਲਾਇਆ ਗਿਆ। ਜਿਸ ਵਿੱਚ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਗੁਰੂ ਘਰ ਦੀ ਚਾਰ ਦੀਵਾਰੀ ਅਤੇ ਆਲੇ ਦੁਆਲੇ ਤੋਂ ਕੂੜਾ ਕਰਕਟ ਇਕੱਠਾ ਕਰਕੇ ਇਸ ਦਾ ਯੋਗ ਪ੍ਰਬੰਧਨ ਕੀਤਾ ਗਿਆ। ਸਫਾਈ ਅਭਿਆਨ ਦੌਰਾਨ ਪਿੰਡ ਵਾਸੀਆਂ ਨੂੰ ਗਿੱਲੇ ਕੂੜੇ ਤੋਂ ਜੈਵਿਕ ਖਾਦ ਬਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਡਾ. ਜਸਵਿੰਦਰ ਬਰਾੜ ਤੇ ਅਸ਼ਵਨੀ ਕੁਮਾਰ, ਐਨਐਸਐਸ ਕੁਆਰਡੀਨੇਟਰਾਂ ਦੀ ਦੇਖ-ਰੇਖ ਹੇਠ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਲਗਭਗ 30 ਪ੍ਰਤੀਭਾਗੀਆਂ ਨੇ ਹਿੱਸਾ ਲਿਆ ਅਤੇ ਸਾਫ਼ ਸੁਥਰੇ ਵਾਤਾਵਰਣ ਦਾ ਸੰਦੇਸ਼ ਦਿੰਦੇ ਪੋਸਟਰ ਬਣਾਏ ਗਏ। ਇਸ ਮੌਕੇ ਇਨਾਮ ਵੰਡ ਸਮਾਰੋਹ ਵਿੱਚ ਆਯੋਜਕਾਂ ਵੱਲੋਂ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਕੌਰ ਨੇ ਦੱਸਿਆ ਕਿ ਜਾਗਰੂਕਤਾ ਅਭਿਆਨ 2 ਅਕਤੂਬਰ ਤੱਕ ਚੱਲੇਗਾ ਜਿਸ ਵਿੱਚ ਐਨਐਸਐਸ ਵਿਭਾਗ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਸਫਾਈ ਜਾਗਰੂਕਤਾ ਰੈਲੀ, ਨੁਕੜ ਨਾਟਕ, ਸਲੋਗਨ ਰਾਈਟਿੰਗ, ਕੁਇਜ਼ ਮੁਕਾਬਲੇ ਆਦਿ ਕਰਵਾਏ ਜਾਣਗੇ। ਐਨਐਸਐਸ ਵਲੰਟੀਅਰਾਂ ਵਿੱਚ ਸਮਾਜ ਸੇਵਾ ਦੀਆਂ ਗਤੀਵਿਧੀਆਂ ਲਈ ਉਤਸ਼ਾਹ ਵੇਖਿਆ ਗਿਆ।




### ਖਾਲਸਾ ਕਾਲਜ ਅੰਦਰ ਸਿੱਖ ਨੌਜੁਆਨ ਦੀ

# ਦਸਤਾਰ ਲਾਹੁਣ ਵਾਲਿਆਂ ਨੂੰ ਸਬਕ ਸਿਖਾਉਣਾ ਜਰੂਰੀ : ਜੀ. ਕੇ.



**ਨਵੀਂ ਦਿੱਲੀ, 24 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਬੀਤੇ ਇਕ ਦਿਨ ਪਹਿਲਾਂ ਖਾਲਸਾ ਕਾਲਜ ਅੰਦਰ ਚੋਣ ਦੇ ਨਾਮਜਦਗੀ ਕਾਗਜ ਦਾਖਿਲ ਕਰਣ ਜਾ ਰਹੇ ਪਵਿਤ ਸਿੰਘ ਨਾਲ ਕੀਤੀ ਗਈ ਕੁੱਟਮਾਰ ਅਤੇ ਦਸਤਾਰ ਲਾਹੁਣ ਨਾਲ ਸਿੱਖ ਪੰਥ ਅੰਦਰ ਵੱਡਾ ਰੋਸ ਫੈਲਿਆ ਹੋਇਆ ਹੈ । ਅਜ ਸਿੱਖ ਜਥੇਬੰਦਿਆਂ ਵਲੋਂ ਕਾਲਜ ਦੇ ਪ੍ਰਿੰਸੀਪਲ ਨਾਲ ਮੁਲਾਕਾਤ ਕੀਤੀ ਗਈ ਜਿਸ ਵਿਚ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਸਿੱਖਾਂ ਦੇ ਕਾਲਜ ਅੰਦਰ ਬਾਹਰ ਤੋਂ ਬੰਦੇ ਆਕੇ ਦਖਲਅੰਦਾਜ਼ੀ ਕਰਣ ਸਿੱਖ ਨੌਜੁਆਨਾਂ ਨਾਲ ਕੁੱਟਮਾਰ ਕਰਣ ਉਨ੍ਹਾਂ ਦੀਆਂ ਦਸਤਾਰਾਂ ਲਾਹਣ, ਸਾਡੀਆਂ ਬੱਚੀਆਂ ਵਲ ਅੱਖਾਂ ਚੁੱਕਣ ਤੇ ਅਸੀਂ ਜੁਆਬ ਨਾ ਦੇ ਸਕੀਏ ਚੁੱਪ ਕਰਕੇ ਕੌਮ ਦੀ ਪਗ ਲਹਿੰਦੀ ਦੇਖਦੇ ਰਹੀਏ । ਇਸ ਤੋਂ ਵੱਧ ਸਾਡੇ ਲਈ ਨਮੋਸ਼ੀਜਨਕ ਹੋਰ ਕੁਝ ਨਹੀਂ ਹੋ ਸਕਦਾ । ਉਨ੍ਹਾਂ ਕਿਹਾ ਕਿ ਮੇਰੇ ਪਿਤਾ ਜੀ ਜੱਥੇਦਾਰ ਸੰਤੋਖ ਸਿੰਘ ਸਮੇਂ ਇਕ ਵਾਰਦਾਤ ਹੋਈ ਸੀ ਤੇ ਪਿਤਾ ਜੀ ਬਸ ਭਰ ਕੇ ਲੈ ਕੇ ਗਏ ਸਨ ਤੇ ਦੋਸ਼ੀਆਂ ਦੀ ਬਨਦੀ ਸੇਵਾ ਕਰਕੇ ਆਏ ਸੀ । ਅਜ ਸਾਡੇ ਅੰਦਰ ਓਹ ਜੁਰਤ ਕਿਉਂ ਨਹੀਂ ਰਹੀ ਕਿ ਅਸੀਂ ਜੁਆਬ ਦੇਣ ਤੋਂ ਪਿੱਛੇ ਹਟ ਰਹੇ ਹਾਂ ਤੇ ਪੰਥ ਦਾ ਨੁਕਸਾਨ ਕਰਵਾਣ ਵਿਚ ਲਗੇ ਹਾਂ । ਉਨ੍ਹਾਂ ਕਿਹਾ ਕਿ ਇਹ ਸਾਡੇ ਕਾਲਜ ਦੀ ਵਡੀ ਬੇਇੱਜਤੀ ਹੈ ਕਿ ਸਿੱਖਾਂ ਦੇ ਕਾਲਜ ਅੰਦਰ ਬਚੇ ਸੁਰੱਖਿਅਤ ਨਹੀਂ ਹਨ । ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਬਚੇ ਚੋਣ ਲਈ ਫਾਰਮ ਨਹੀਂ ਭਰ ਸਕੇ ਤੇ ਜਿਨ੍ਹਾਂ ਦੇ ਫਾਰਮ ਫਾੜ ਦਿੱਤੇ ਗਏ ਹਨ ਇਸ ਕਰਕੇ ਇੰਨ੍ਹਾ ਚੋਣਾਂ ਨੂੰ ਮੁਲਤਵੀ ਕੀਤਾ ਜਾਣਾ ਚਾਹੀਦਾ ਹੈ । ਪਰਮਜੀਤ ਸਿੰਘ ਸਰਨਾ ਨੇ ਉਨ੍ਹਾਂ ਨੂੰ ਪਸਚਾਤਾਪ ਕਰਣ ਲਈ ਅਖੰਡ ਪਾਠ ਸਾਹਿਬ ਰੱਖਵਾਣ ਲਈ ਕਿਹਾ ਹੈ । ਇਸ ਮੌਕੇ ਬੀਬੀ ਰਣਜੀਤ ਕੌਰ, ਮਨਜੀਤ ਸਿੰਘ ਸਰਨਾ, ਤਜਿੰਦਰ ਸਿੰਘ ਗੋਪਾ, ਜਤਿੰਦਰ ਸਿੰਘ ਸੋਨੂੰ, ਸੁਖਵਿੰਦਰ ਸਿੰਘ ਬੱਬਰ ਸਮੇਤ ਵਡੀ ਗਿਣਤੀ ਅੰਦਰ ਸਿੱਖ ਸੰਗਤਾਂ ਹਾਜਿਰ ਸਨ।

# ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਰਾਸ਼ਟਰੀ ਸੇਵਾ ਯੋਜਨਾ ਦਿਵਸ ਮਨਾਇਆ




**ਧੂਰੀ, ( ਰਣਜੀਤ ਸਿੰਘ ਪੇਧਨੀ )-** ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਐੱਨ.ਐੱਸ.ਐੱਸ. ਯੂਨਿਟਾਂ ਵੱਲੋਂ ਰਾਸ਼ਟਰੀ ਸੇਵਾ ਯੋਜਨਾ ਦਿਵਸ ਮਨਾਇਆ ਗਿਆ। ਰੈਗੂਲਰ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਐੱਨ.ਐੱਸ.ਐੱਸ. ਦੇ ਸਿਧਾਂਤਾਂ 'ਤੇ ਰੋਸ਼ਨੀ ਪਾਈ ਅਤੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਮੁੱਖ ਬੁਲਾਰੇ ਡਾ. ਊਸ਼ਾ ਜੈਨ ਨੇ ਸਮਾਜ ਸੇਵਾ ਦੀ ਅਹਿਮੀਅਤ ਅਤੇ ਸਮਾਜ ਸੇਵਾ ਨਾਲ ਹੋਣ ਵਾਲੇ ਵਿਅਕਤੀਗਤ ਵਿਕਾਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਵਲੰਟੀਅਰ ਵਜੋਂ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਲਈ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਕਿਹਾ ਕਿ ਰਾਸ਼ਟਰੀ ਸੇਵਾ ਯੋਜਨਾ ਨਾਲ ਵਿਦਿਆਰਥੀ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਤਿਆਰ ਹੁੰਦੇ ਹਨ। ਇਸ ਮੌਕੇ ਡਾ. ਰਾਕੇਸ਼ ਕੁਮਾਰ ਤੋਂ ਇਲਾਵਾ ਸਮੂਹ ਐੱਨ.ਐੱਸ.ਐੱਸ. ਵਲੰਟੀਅਰ ਮੌਜੂਦ ਸਨ।

# ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਦੁਬਾਰਾ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਚੇਅਰਮੈਨ ਘੁੱਲੀ

ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੀ ਆਮ - ਆਦਮੀ ਪਾਰਟੀ ਦੀ ਸਰਕਾਰ ਵਲੋਂ ਕਰੀਬ ਢਾਈ ਸਾਲ ਦੀ ਕਾਰਗੁਜ਼ਾਰੀ ਦੌਰਾਨ ਰੰਗਲਾ ਪੰਜਾਬ ਬਣਾਉਣ ਦੇ ਲਈ ਕੀਤੇ ਜਾ ਰਹੇ ਯਤਨਾਂ ਦੇ ਕਾਰਨ ਅੱਜ ਪੰਜਾਬ ਦੇ ਲੋਕ ਸੰਤੁਸ਼ਟ ਨਜ਼ਰ ਆ ਰਹੇ ਹਨ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਜਰਨਲ ਸਕੱਤਰ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰੋਜ਼ਗਾਰ, ਬਿਜਲੀ ਬਿੱਲ, ਸਿਹਤ ਅਤੇ ਭ੍ਰਿਸ਼ਟਾਚਾਰ ਦੇ ਖੇਤਰ ਦੇ ਵਿੱਚ ਲੋਕ ਭਲਾਈ ਫੈਸਲੇ ਲਏ ਹਨ, ਜਿਹੜੇ ਕਿ ਅੱਜ ਪੰਜਾਬ ਦੀ ਜਨਤਾ ਲਈ ਲਾਹੇਵੰਦ ਸਾਬਤ ਹੋ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਭ੍ਰਿਸ਼ਟਾਚਾਰ ਦੇ ਨੱਥ ਪਾਉਂਦੇ ਹੋਏ ਗੈਰ ਕਾਨੂੰਨੀ ਤਰੀਕੇ ਨਾਲ ਚੱਲ ਰਹੀਆਂ ਪ੍ਰਾਈਵੇਟ ਬੱਸ ਕੰਪਨੀਆਂ ਦੀਆਂ ਬੱਸਾਂ ਦੇ ਪਰਮਿਟ ਰੱਦ ਕੀਤੇ ਹਨ। ਉਨ੍ਹਾਂ ਕਿਹਾ ਪੰਜਾਬ ਸਰਕਾਰ ਦੇ ਕੰਮਾਂ ਨੂੰ ਦੇਖਦੇ ਹੋਏ ਹਰਿਆਣਾ ਦੀਆਂ ਚੋਣਾਂ ਵਿੱਚ ਲੋਕਾਂ ਦਾ ਵੱਡਾ ਹੁੰਗਾਰਾ ਮਿਲ ਰਿਹਾ ਹੈ, ਜਿਸਦਾ ਫ਼ਾਇਦਾ ਵਿਧਾਨ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲੇਗਾ। ਇਸ ਮੌਕੇ ਉੱਘੇ ਸਮਾਜ ਸੇਵੀ ਦਿਲਰਾਜ ਸਿੰਘ ਦੁਰਾਹਾ, ਆਪ ਆਗੂ ਕੁਲਦੀਪ ਸਿੰਘ ਬੁੱਟਰ, ਆਪ ਆਗੂ ਮਾਣਾ ਗਰੇਵਾਲ, ਆਪ ਆਗੂ ਨਾਹਰ ਸਿੰਘ ਮੀਮਸਾ, ਆਪ ਆਗੂ ਸੁਖਪਾਲ ਸਿੰਘ ਪਾਲਾ, ਸਰਪੰਚ ਸੁਖਦੀਪ ਸਿੰਘ ਚੀਮਾਂ ਹਾਜ਼ਰ ਸਨ।



# ਪੰਜਾਬ ਦੀ ਮਾਨ ਸਰਕਾਰ ਹਰ ਫਰੰਟ ਤੇ ਫੇਲ ਸਾਬਤ ਹੋ ਰਹੀ ਹੈ : ਜੋਗਿੰਦਰ ਸਿੰਘ ਖਾਲਸਾ

**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )-** ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੀ ਅੱਧ ਤੋਂ ਵੀ ਵੱਧ ਮਿਆਦ ਪੂਰੀ ਕਰਨ ਤੋਂ ਬਾਅਦ ਵੀ ਪੰਜਾਬ ਤੇ ਪੰਜਾਬੀਆਂ ਲਈ ਕੁਝ ਨਹੀਂ ਕੀਤਾ ਜੋ ਉਹਨਾਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ ਉਹਨਾਂ ਵਿੱਚੋਂ ਕੋਈ ਵਾਅਦਾ ਪੂਰਾ ਨਹੀਂ ਕੀਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਕਿਸਾਨ ਵਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਖਾਲਸਾ ਨੇ ਕੀਤਾ । ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਉਡੀਕ ਕਰ ਰਹੀ ਹੈ ਕੀ ਉਹਨਾਂ ਦੀਆਂ ਉਮੀਦਾਂ ਆਪ ਸਰਕਾਰ ਵੱਲੋਂ ਕਦੋ ਪੂਰੀਆਂ ਹੋਣਗੀਆਂ। ਭਗਵੰਤ ਮਾਨ ਨੇ ਚੋਣਾਂ ਮੌਕੇ ਆਪਣੀ ਹਰ ਇੱਕ ਸਟੇਜ ਤੇ ਕਿਹਾ ਸੀ ਕਿ ਮੈਂ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਦੇਵਾਂਗਾ ਪਰ ਹੁਣ ਤਾਂ ਪੰਜਾਬ ਦਾ ਕੁਝ ਹੋਰ ਹੀ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਮੁੱਢਲਾ ਫਰਜ ਨਸ਼ਿਆਂ ਦੇ ਪ੍ਰਸਾਰ ਨੂੰ ਰੋਕਣਾ, ਸਿਹਤ ਤੇ ਸਿੱਖਿਆ ਦੇ ਖੇਤਰ ਨੂੰ ਬਿਹਤਰ ਬਣਾਉਣ ਦੇ ਨਾਲ ਨਾਲ ਆਮ ਨਾਗਰਿਕ ਦੇ ਮੁੱਦਿਆਂ ਵੱਲ ਧਿਆਨ ਦੇਣਾ ਹੁੰਦਾ ਹੈ ਪਰ ਪੰਜਾਬ ਸਰਕਾਰ ਸਿਰਫ ਇਹਨਾਂ ਮੁੱਦਿਆਂ ਤੇ ਫੇਲ ਹੀ ਹੋਈ ਹੈ ਅਤੇ ਪੰਜਾਬ ਅੰਦਰ ਲਾ ਐਂਡ ਆਰਡਰ ਦੀ ਸਥਿਤੀ ਇੰਨੀ ਪਤਲੀ ਹੋ ਚੁੱਕੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

# ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਨਮਿਤ ਅੰਤਿਮ ਅਰਦਾਸ 30 ਸਤੰਬਰ ਨੂੰ



ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ, ਓਨਾ ਦੀ ਅੰਤਿਮ ਅਰਦਾਸ 30-9-2024 ਨੂੰ ਗੁਰਦਵਾਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਪਾਤਸ਼ਾਹੀ ਨੌਵੀਂ ਗੂਹਲਾ ਚੀਕਾਂ ਜਿਲ੍ਹਾ ਕੈਥਲ ਹਰਿਆਣਾ ਵਿਖ਼ੇ 11 ਵਜੇ ਹੋਵੇਗੀ।

ਭਾਈ ਸੁਖਵੰਤ ਸਿੰਘ ਗੂਹਲਾ

**ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।**

ਆਵਾਜ਼ਿ ਕੌਮ AWAZE QAUM International Newspaper & WEB TV

ਬੇਨਤੀ ਕਰਤਾ :

## ਸਮੂਹ ਪਰਿਵਾਰ ਅਤੇ ਸਾਧ ਸੰਗਤ

**ਜਾਰੀ ਕਰਤਾ :** ਭਾਈ ਬਾਬਾ ਇੰਦਰ ਸਿੰਘ ਕਾਰ ਸੇਵਾ, ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ, ਬਾਬਾ ਦਿਲਬਾਗ ਸਿੰਘ ਅਤਾਲਾ, ਭਾਈ ਸੁਰਿੰਦਰ ਸਿੰਘ ਠੀਕਰੀਵਾਲ, ਭਾਈ ਬਗੀਚਾ ਸਿੰਘ ਰੱਤਾਖੇੜਾ, ਭਾਈ ਮਹਿੰਦਰ ਸਿੰਘ ਅਸੰਧ





ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਕਿਤਾਬ ਵਿਚ ਭਾਈ ਮਨੀ ਸਿੰਘ ਬਾਰੇ

# ਗਲਤ ਲਿਖਣ ਵਾਲੇ ਵਿਰੁੱਧ ਡਟੇ ਜਥੇਬੰਦੀਆਂ ਦੇ ਆਗੂ



**ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :—** ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਚ ਭਾਈ ਮਨੀ ਸਿੰਘ ਦੇ ਵਾਰਿਸਾਂ ਦੀ ਮੀਟਿੰਗ ਹੋਈ, ਜਿਸ ਵਿਚ ਮੁੱਖ ਮਹਿਮਾਨ ਵਜੋਂ ਭਾਈ ਗੁਰਮੇਲ ਸਿੰਘ ਪਹਿਲਵਾਨ, ਵਿਸ਼ਵ ਰਾਜਪੂਤ ਭਾਈਚਾਰੇ ਦੇ ਪ੍ਰਧਾਨ ਭਾਈ ਗੁਰਮੇਲ ਸਿੰਘ ਪਹਿਲਵਾਨ, ਇੰਟਰਨੈਸ਼ਨਲ ਮਿਸ਼ਨ ਭਾਈ ਮਨੀ ਸਿੰਘ ਸ਼ਹੀਦ ਦੇ ਮੁਖੀ ਭਾਈ ਦਲੀਪ ਸਿੰਘ ਬਿੱਕਰ, ਸ਼ਹੀਦ ਭਾਈ ਮਨੀ ਸਿੰਘ ਸੇਵਾ ਸੁਸਾਇਟੀ ਦੇ ਪ੍ਰਧਾਨ ਭਾਈ ਪ੍ਰੀਤਮ ਸਿੰਘ, ਬਾਬਾ ਬਚਿੱਤਰ ਸਿੰਘ ਸੇਵਾ ਸੁਸਾਇਟੀ ਦੇ ਪ੍ਰਧਾਨ ਭਾਈ ਕਰਨੈਲ ਸਿੰਘ ਰਠੌੜ, ਜੀਤ ਸਿੰਘ ਪਰਮਾਰ, ਸੁੱਖਾ ਸਿੰਘ ਸਾਬਕਾ ਸਰਪੰਚ ਮਹਾਲਮ, ਜਗਤਾਰ ਸਿੰਘ ਬਸਤੀ ਬਾਗ ਵਾਲੀ, ਸੇਵਾ ਸਿੰਘ ਬਸਤੀ ਬਾਗ ਵਾਲੀ, ਜ਼ਸਵੰਤ ਸਿੰਘ ਪ੍ਰਧਾਨ ਗੁਰੂਹਰਸਹਾਏ, ਛਿੰਦਰ ਸਿੰਘ ਮਹਾਲਮ, ਬਲਦੇਵ ਸਿੰਘ ਮਹਾਲਮ ਸ਼ਾਮਲ ਹੋਏ। ਮੀਟਿੰਗ ਵਿਚ ਫੈਸਲਾ ਕੀਤਾ ਕਿ ਇਕ ਕਿਤਾਬ ਜ਼ੋ ਗਗਨਦੀਪ ਸਿੰਘ ਨਾਮ ਦੇ ਵਿਅਕਤੀ ਵੱਲੋਂ ਲਿਖੀ ਗਈ ਹੈ, ਉਸ ਵਿਚ ਉਸ ਨੇ ਭਾਈ ਮਨੀ ਸਿੰਘ ਵਣਜਾਰੇ ਲੁਬਾਰਣੇ ਸਿੱਖ ਲਿਖਿਆ ਹੈ, ਜਦੋਂ ਕਿ ਭਾਈ ਮਨੀ ਸਿੰਘ ਸ਼ਤਰੀ ਪਰਮਾਰ ਰਾਜਪੂਤ ਸਨ, ਜਿਨ੍ਹਾਂ ਦਾ ਦਾਦਾ ਸ਼ਹੀਦ ਭਾਈ ਬੱਲੋ ਜੀ, ਪਿਤਾ ਭਾਈ ਮਾਈ ਦਾਸ ਸ਼ਹੀਦ ਹਨ। ਸਮੂਹ ਆਗੂਆਂ ਨੇ ਕਿਹਾ ਕਿ ਭਾਈ ਮਨੀ ਸਿੰਘ ਨੇ 1734 ਵਿਚ ਦਰਬਾਰ ਸਾਹਿਬ ਦੀ ਰੱਖਿਆ ਕਰਦੇ ਹੋਏ ਆਪਣੇ ਬੰਦ—ਬੰਦ ਕਟਵਾ ਕੇ ਸ਼ਹਾਦਤ ਦਿੱਤੀ ਸੀ, ਅੱਜ ਤੱਕ ਜਿੰਨੇ ਵੀ ਇਤਿਹਾਸ—ਕਾਰਾਂ ਨੇ ਇਤਿਹਾਸ ਲਿਖਿਆ ਹੈ, ਉਸ ਵਿਚ ਭਾਈ ਮਨੀ ਸਿੰਘ ਨੂੰ ਰਾਜਪੂਤ ਲਿਖਿਆ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਸਿੰਘ ਨੇ ਕਿਤਾਬ ਵਿਚ ਗਲਤ ਲਿਖ ਕੇ ਸਿੱਖ ਇਤਿਹਾਸ ਨਾਲ ਛੇੜਛਾੜ ਕੀਤਾ ਹੈ, ਉਸ ਸਬੰਧੀ ਗਗਨਦੀਪ ਸਿੰਘ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਤਹਿਤ ਮੁਕੱਦਮਾ ਦਰਜ ਕਰਨ ਲਈ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ ਪੰਜਾਬ ਦੇ ਨਾਮ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਸੌਂਪੇ ਗਏ ਅਤੇ ਇਕ ਸ਼ਿਕਾਇਤ ਗਗਨਦੀਪ ਸਿੰਘ ਦੇ ਨਾਮ ਪਰਚਾ ਕਰਨ ਲਈ ਐਸ.ਐਸ.ਪੀ ਫ਼ਿਰੋਜ਼ਪੁਰ ਨੂੰ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਭਾਈ ਮਨੀ ਸਿੰਘ ਦੇ ਵਾਰਸ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਜਿਥੇ ਵੀ ਰਹਿੰਦੇ ਹਨ, ਵੱਲੋਂ ਤਿੱਖਾ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਣਗੇ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਗਗਨਦੀਪ ਸਿੰਘ ਨੂੰ ਇਹ ਵੀ ਚੈਲੰਜ ਹੈ ਕਿ ਉਹ ਕਿਸੇ ਵੀ ਟੀ.ਵੀ ਚੈਨਲ ਤੇ ਡਿਬੇਟ ਕਰ ਸਕਦਾ ਹੈ, ਪਰ ਗਗਨਦੀਪ ਸਿੰਘ ਦਾ ਕੋਈ ਜਵਾਬ ਨਹੀਂ ਆਇਆ, ਜੇਕਰ ਕੱਲ ਨੂੰ ਪੰਜਾਬ ਦਾ ਮਾਹੌਲ ਖਰਾਬ ਹੁੰਦਾ ਹੈ ਤਾਂ ਉਸਦੀ ਜਿੰਮੇਵਾਰੀ ਪ੍ਰਸ਼ਾਸਨ ਅਤੇ ਗਗਨਦੀਪ ਸਿੰਘ ਦੀ ਹੋਵੇਗੀ।

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਟੀ.ਬੀ ਦੇ ਮਰੀਜਾਂ ਨੂੰ ਵੰਡੇ ਫਲ

ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :— ਸਮਾਜ ਸੇਵੀ ਕਾਰਜ ਕਰਦੀ ਆ ਰਹੀ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਸ੍ਰੀ ਦੀਵਾਨ ਚੰਦ ਸੁਖੀਜਾ ਚੇਅਰਮੈਨ ਅਤੇ ਉਨ੍ਹਾਂ ਦੀ ਸੁਸਾਇਟੀ ਵੱਲੋਂ ਡਾ: ਜ਼ਸਵਿੰਦਰ ਕੌਰ ਅਤੇ ਉਨ੍ਹਾਂ ਦੇ ਸਟਾਫ ਦੀ ਹਾਜ਼ਰੀ ਵਿਚ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਟੀ.ਬੀ ਦੇ ਦਾਖਲ ਮਰੀਜਾਂ ਨੂੰ ਮੁਫਤ ਫੱਲ ਵੰਡੇ ਗਏ ਅਤੇ ਉਨ੍ਹਾਂ ਮਰੀਜਾਂ ਦੀ ਚੰਗੀ ਸਿਹਤ ਲਈ ਪ੍ਰਮਾਤਮਾ ਅੱਗੇ ਬੇਨਤੀ ਕੀਤੀ। ਇਸ ਚੰਗੇ ਕੰਮ ਕਰਕੇ ਡਾਕਟਰ ਸਾਹਿਬਾਨ ਅਤੇ ਉਨ੍ਹਾਂ ਦੇ ਸਟਾਫ ਨੂੰ ਸੁਸਾਇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਮਿਸਟਰ ਸੁਖੀਜਾ ਨੇ ਦੱਸਿਆ ਕਿ ਉਹ ਭਵਿੱਖ ਵਿਚ ਵੀ ਅਜਿਹੇ ਲੋਕ ਭਲਾਈ ਦੇ ਕੰਮ ਕਰਦੇ ਰਹਿਣਗੇ।



## ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ 2024 ਵਿਚ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਈ ਦੇ ਖਿਡਾਰੀ ਰਹੇ ਮੋਹਰੀ



**ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :—** ਮਿਨੀਸਟਰੀ ਆਫ ਕੱਲਚਰ ਭਾਰਤ ਸਰਕਾਰ, ਨੈਸ਼ਨਲ ਕਾਉਸਿਲ ਆਫ ਸਾਇੰਸ ਮਿਊਜ਼ੀਅਮ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨਿਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿੰਦਰ ਸਿੰਘ, ਪ੍ਰਿੰਸੀਪਲ ਡਾਇਟ ਸਟੇਟ ਅਵਾਰਡੀ ਸੀਮਾ, ਡੀ.ਆਰ.ਸੀ ਸੁਮਿਤ ਗਲਹੋਤਰਾ ਦੀ ਆਗਵਾਈ ਹੇਠ ਜ਼ਿਲ੍ਹੇ ਦੇ 11 ਬਲਾਕਾਂ ਵਿੱਚ ਪਹਿਲੇ ਅਤੇ ਦੂਜੇ ਸਥਾਨ ਤੇ ਰਹਿ ਸਕੂਲਾਂ ਨੇ ਅੱਜ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸਸੰਥਾ ਫਿਰੋਜਪੁਰ ਵਿਖੇ ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ ਵਿਚ ਭਾਗ ਲਿਆ। ਡੀ.ਆਰ.ਸੀ ਸੁਮਿਤ ਗਲਹੋਤਰਾ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ 22 ਟੀਮਾਂ ਨੇ ਆਰਟੀਫਿਸ਼ਲ ਇਨਟੈਲੀਜੈਂਸ ਵਿਸ਼ੇ ਤੇ ਸਭੰਵਾਨਾਵਾਂ ਅਤੇ ਚੁਣੌਤੀਆਂ ਬਾਰੇ ਵਿਚਾਰ ਪੇਸ਼ ਕੀਤੇ ਅਤੇ ਵਿਦਿਆਰਥੀਆਂ ਨੇ ਦੱਸਿਆ ਕਿ ਕਿਵੇਂ ਏ.ਆਈ ਨੇ ਸਾਡਾ ਜੀਵਨ ਸੁਖਾਲਾ ਕੀਤਾ ਹੈ ਪਰ ਤਕਨੀਕੀ ਦੀ ਜਿਆਦਾ ਵਰਤੋਂ ਕਿਵੇਂ ਸਾਰੀ ਮਨੁੱਖਤਾ ਲਈ ਹਾਨੀਕਾਰਕ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਈ ਦੀ ਵਿਦਿਆਰਥਣ ਰਾਜਵੰਤ ਕੌਰ ਗਾਇਡ ਅਧਿਆਪਕ ਗੀਤਿਕਾ ਨੇ ਪਹਿਲਾ, ਸਰਕਾਰੀ ਹਾਈ ਸਕੂਲ ਮਨਸੂਰਦੇਵਾ ਦੀ ਵਿਦਿਆਰਥਣ ਮਨਪ੍ਰੀਤ ਕੌਰ ਗਾਇਡ ਅਧਿਆਪਕ ਰੁਪਿੰਦਰ ਜੀਤ ਕੌਰ ਨੇ ਦੂਜਾ ਸਥਾਨ, ਸਰਕਾਰੀ ਹਾਈ ਸਕੂਲ ਦੂਲਚੀ ਕੇ ਤੋਂ ਮਨਜੋਤ ਕੌਰ ਗਾਈਡ ਅਮਨਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਹੈਡ ਮਾਸਟਰ ਕਪਿਲ ਸ਼ਾਨਨ, ਹੈਡ ਮਾਸਟਰ ਅਵਤਾਰ ਸਿੰਘ, ਸਾਇੰਸ ਮਾਸਟਰ ਰੁਪਿੰਦਰ ਸਿੰਘ ਬਤੌਰ ਜੱਜ ਭੂਮਿਕਾ ਨਿਭਾਈ। ਜ਼ਿਲ੍ਹੇ ਵਿੱਚ ਪਹਿਲੇ ਦੋ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀ ਰਾਜ ਪੱਧਰ ਤੇ ਜਿਲੇ ਦਾ ਪ੍ਰਤੀਨਿਧਵ ਕਰਣਗੇ। ਇਸ ਮੌਕੇ ਬੀ.ਆਰ.ਸੀ ਕਮਲ ਸ਼ਰਮਾ, ਗੋਰਵ ਤ੍ਰਿਖਾ, ਗਗਨ ਗੱਖੜ, ਅਨਮੋਲ ਸ਼ਰਮਾ, ਅਮਿਤ ਆਨੰਦ, ਹਰਪ੍ਰੀਤ ਸਿੰਘ, ਗੁਰਪ੍ਰੀਤ ਭੁੱਲਰ, ਗੁਰਦੇਵ ਸਿੰਘ, ਰਾਜੀਵ ਸ਼ਰਮਾ, ਸੰਦੀਪ ਕੁਮਾਰ, ਕਮਲ ਵਧਵਾ, ਪ੍ਰਵੀਨ ਕੁਮਾਰ ਆਦਿ ਹਾਜ਼ਰ ਸਨ।

# ਸਵਰਗਵਾਸੀ ਹਰਪਾਲ ਸਿੰਘ ਭੁੱਲਰ ਦੇ ਅਕਾਲ ਚਲਾਣੇ ਤੇ ਪਰਿਵਾਰ ਨਾਲ ਅਫਸੋਸ ਕਰਨ ਲਈ ਜਸਵਿੰਦਰ ਸਿੰਘ ਕਾਲਾ ਯੂ.ਕੇ ਤੋਂ ਫ਼ਿਰੋਜ਼ਪੁਰ ਪੁੱਜੇ





ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :— ਸਵਰਗਵਾਸੀ ਸ: ਹਰਪਾਲ ਸਿੰਘ ਭੁੱਲਰ ਜ਼ੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦਾ ਉਨ੍ਹਾਂ ਦੇ ਪਰਿਵਾਰ ਨਾਲ ਸ: ਜ਼ਸਵਿੰਦਰ ਸਿੰਘ ਕਾਲਾ ਆਪਣੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਤੇ ਸ: ਜ਼ਸਵਿੰਦਰ ਸਿੰਘ ਕਾਲਾ ਨੇ ਕਿਹਾ ਕਿ ਸ: ਹਰਪਾਲ ਸਿੰਘ ਭੁੱਲਰ ਇਕ ਵਧੀਆ ਇਨਸਾਨ ਸਨ, ਉਨ੍ਹਾਂ ਹਮੇਸ਼ਾ ਸਮਾਜ ਸੇਵਾ ਵਿਚ ਬਹੁਤ ਵਧੀਆ ਕੰਮ ਕੀਤਾ ਅਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ ਅਤੇ 2 ਹਜ਼ਾਰ ਦੇ ਕਰੀਬ ਗਰੀਬ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਕੀਤੀ ਅਤੇ ਘਰੇਲੂ ਸਮਾਨ ਦਿੰਦੇ ਸਨ। ਇਸ ਤੋਂ ਇਲਾਵਾ ਮਰਦਾਨਾ ਹਾਲ ਬਨਵਾਇਆ। ਇਸ ਮੌਕੇ ਤੇ ਜਸਵਿੰਦਰ ਸਿੰਘ ਕਾਲਾ ਨੇ ਸ: ਹਰਪਾਲ ਸਿੰਘ ਭੁੱਲਰ ਦੇ ਵੱਡੇ ਸਪੁੱਤਰ ਜਗਜੀਤ ਸਿੰਘ ਭੁੱਲਰ ਅਤੇ ਛੋਟੇ ਬੇਟੇ ਗੁਰਜੀਤ ਸਿੰਘ ਭੁੱਲਰ ਨੂੰ ਸਿੱਖਿਆ ਦਿੱਤੀ ਕਿ ਤੁਸੀਂ ਸ: ਹਰਪਾਲ ਸਿੰਘ ਭੁੱਲਰ ਦੇ ਨਕਸ਼ੇ ਕਦਮਾਂ ਤੇ ਤੁਰ ਕੇ ਉਨ੍ਹਾਂ ਦਾ ਨਾਮ ਰੋਸ਼ਨ ਕਰੋ ਅਤੇ ਜੇਕਰ ਤੁਹਾਡੇ ਵਿਚ ਕੋਈ ਐਬ ਹੈ ਤਾਂ ਤੁਸੀਂ ਅੱਜ ਹੀ ਖਤਮ ਕਰਕੇ ਅਗਾਂਹ ਵਧੋ ਤਾਂ ਜ਼ੋ ਲੋਕ ਕਹਿ ਸਕਣ ਕਿ ਇਹ ਸ: ਹਰਪਾਲ ਸਿੰਘ ਭੁੱਲਰ ਦੇ ਬੱਚੇ ਹਨ, ਜਿਹੜੇ ਆਪਣੇ ਮਾਂ—ਬਾਪ ਦਾ ਨਾਮ ਰੋਸ਼ਨ ਕਰੋ ਅਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਨੂੰ ਹੋਰ ਵੀ ਅਗਾਂਹ ਲੈ ਕੇ ਜਾਓ। ਇਸ ਮੌਕੇ ਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿਚ ਜਗਜੀਤ ਸਿੰਘ ਭੁੱਲਰ, ਗੁਰਜੀਤ ਸਿੰਘ ਭੁੱਲਰ, ਬਲਦੇਵ ਸਿੰਘ ਮਹਿਰੋ, ਸੋਹਣ ਸਿੰਘ, ਰਣਬੀਰ ਸਿੰਘ ਰਾਣਾ, ਪਰਮਜੀਤ ਸਿੰਘ, ਸਵਰਨ ਸਿੰਘ, ਹਰਜੀਤ ਸਿੰਘ ਧਾਲੀਵਾਲ, ਹਰਦੀਪ ਸਿੰਘ ਸਰਪੰਚ, ਦਰਸ਼ਨ ਲਾਲ ਹੀਰਾ, ਮਨੋਹਰ ਲਾਲ ਪੱਤਰਕਾਰ, ਬਾਬਾ ਨਿਰਮਲ ਸਿੰਘ, ਹਰਜੀਤ ਸਿੰਘ ਸੁਨਿਆਰਾ ਜ਼ਸਬੀਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮੈਂਬਰ ਹਾਜ਼ਰ ਸਨ। ਇਸ ਮੌਕੇ ਤੇ ਇੰਗਲੈਂਡ ਤੋਂ ਆਏ ਜ਼ਸਵਿੰਦਰ ਸਿੰਘ ਕਾਲਾ, ਬੀਬੀ ਨਿੰਦਰ ਕੌਰ, ਜ਼ਸਵਿੰਦਰ ਸਿੰਘ ਕਾਲਾ ਦੀ ਧਰਮ ਪਤਨੀ, ਹਰਜੀਤ ਸਿੰਘ ਲੋਹੀਆ, ਦਰਸ਼ਨ ਸਿੰਘ ਲੋਹੀਆ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਅਫਸੋਸ ਪ੍ਰਗਟ ਕੀਤਾ। ਇਸ ਮੌਕੇ ਤੇ ਬਲਦੇਵ ਸਿੰਘ ਮਹਿਰੋ ਵਿਸ਼ੇਸ਼ ਤੌਰ ਤੇ ਮੋਗੇ ਤੋਂ ਪਹੁੰਚੇ। ਇਸ ਮੌਕੇ ਤੇ ਸਮੂਹ ਸੁਸਾਇਟੀ ਮੈਂਬਰਾਂ ਨੇ ਚਾਹ ਪਾਣੀ, ਲੰਗਰ ਦੀ ਸੇਵਾ ਪਰਿਵਾਰ ਵੱਲੋਂ ਕੀਤੀ ਗਈ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੰਤ, ਮਹਾਂਪੁਰਸ਼, ਕਾਰ ਸੇਵਾ ਵਾਲੇ ਅਤੇ ਸੰਪ੍ਰਦਾਵਾਂ ਦੇ ਮੁਖੀ ਆਉਣ ਅੱਗੇ : ਭੁੱਲਰ



ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਸਾਡੇ ਪੰਜਾਬ ਦੀ ਨੌਜਵਾਨੀ ਨਸ਼ਿਆ ਦੀ ਭੇਂਟ ਚੜ ਰਹੀ ਹੈ ਅਤੇ ਨਸ਼ਿਆਂ ਸਦਕਾ ਨੌਜਵਾਨੀ ਨੂੰ ਦੇਸ਼ ਛੱਡ ਕੇ ਦੂਸਰੇ ਦੇਸ਼ਾਂ ਵੱਲ ਜਾਣਾ ਪੈ ਰਿਹਾ ਹੈ, ਜਿਸ ਨੂੰ ਸਾਡੀ ਸਰਕਾਰ, ਸਾਡੀ ਲੀਡਰਸ਼ਿਪ, ਸਾਡੇ ਸੰਤ ਮਹਾਂਪੁਰਸ਼ਾਂ, ਸਾਡੀਆਂ ਸੰਪ੍ਰਦਾਵਾਂ, ਸਾਡੀਆਂ ਧਾਰਮਿਕ ਜੰਥੇਬੰਦੀਆਂ ਅਤੇ ਅਸੀਂ ਸਭ ਅੱਖਾਂ ਖੋਲ ਕੇ ਤਮਾਸ਼ਾ ਦੇਖ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਧਾਰਮਿਕ ਸਥਾਨ ਬਨਾਉਣ ਵੱਲ ਬਹੁਤ ਧਿਆਨ ਦਿੱਤਾ ਪਰ ਧਾਰਮਿਕ ਸਥਾਨਾਂ ਤੇ ਆਉਣ ਵਾਲੇ ਨੌਜਵਾਨਾਂ ਵੱਲ ਧਿਆਨ ਨਹੀ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਨੌਜਵਾਨਾਂ ਨੂੰ ਨਸ਼ਾ ਛਡਾਉ ਕੇਦਰ, ਨਸ਼ਾ ਸੈਟਰਾਂ ਵਿੱਚ ਸੁੱਟ ਕੇ ਨੌਜਵਾਨੀ ਨੂੰ ਰੋਲ ਰਹੇ ਹਾਂ ਪਰ ਕਈ—ਕਈ ਮਹੀਨੇ ਨਸ਼ਾ ਛੁਡਾਉ ਕੇਦਰ ਵਿੱਚ ਸੁੱਟ ਕੇ ਵੀ ਨੌਜਵਾਨੀ ਨਸ਼ਾ ਨਹੀਂ ਛੱਡ ਰਹੀ ਕਿਉਂਕਿ ਨਸ਼ਾ ਛਡਾਉਣ ਲਈ ਨਾਲ ਚੰਗੀ ਖੁਰਾਕ ਅਤੇ ਚੰਗੀ ਸਿਖਿਆ ਅਤੇ ਕਸਰਤ ਨਾਲ ਨੌਜਵਾਨੀ ਦੀ ਸੋਚ ਵੀ ਬਦਲਣੀ ਪੈਣੀ ਹੈ। ਨੌਜਵਾਨੀ ਨੂੰ ਬਚਾਉਣ ਲਈ ਸਾਰੇ ਸੰਤਾਂ ਮਹਾਂਪੁਰਸ਼ਾਂ, ਸੰਪਰਦਾਵਾਂ, ਧਾਰਮਿਕ ਜੰਥੇਬੰਦੀਆ ਅਤੇ ਕਾਰਸੇਵਾ ਵਾਲੇ ਮਹਾਂਪੁਰਸ਼ ਨੂੰ ਬੇਨਤੀ ਹੈ ਕਿ ਆਪੋ—ਆਪਣੇ ਇਲਾਕੇ ਵਿੱਚ ਨਸ਼ੇ ਦੀ ਦਲਦਲ ਵਿੱਚ ਫਸ ਚੁੱਕੇ ਬੱਚਿਆਂ ਨੂੰ ਕੱਢਣ ਲਈ ਪਿੰਡਾਂ ਦੇ ਲੋਕਾਂ ਦੀ ਮੱਦਦ ਨਾਲ ਆਪਣੇ ਕੋਲ ਰੱਖ ਕੇ ਗੁਰਬਾਣੀ ਰਾਹੀਂ ਮਨ ਨੂੰ ਅਤੇ ਪੇਂਡੂ ਖੇਡਾਂ ਨਾਲ ਜਿਵੇ ਕਬੱਡੀ, ਕੁਸ਼ਤੀਆਂ, ਕਸਰਤ, ਗਤਕਾ ਆਦਿ ਰਾਹੀਂ ਉਨ੍ਹਾਂ ਦੀ ਸਿਹਤ ਨੂੰ ਤੰਦਰੁਸਤ ਬਨਾਉਣ ਦੀ ਖੇਚਲ ਕਰਨ ਤਾਂ ਕਿ ਭਟਕ ਚੁੱਕੇ ਨੌਜਵਾਨਾਂ ਨੂੰ ਸਹੀ ਰਸਤੇ ਤੇ ਤੋਰਿਆ ਜਾ ਸਕੇ ਅਤੇ ਉਹ ਗੁਰਬਾਣੀ ਨਾਲ ਜੁੜ ਕੇ ਚੰਗਾ ਜੀਵਨ ਬਤੀਤ ਕਰ ਸਕਣ। ਇਸ ਸਮੇਂ ਸੂਰਤ ਸਿੰਘ ਮਮਦੋਟ, ਸੁਖਦੇਵ ਸਿੰਘ ਵੇਹੜੀ, ਮੋਹਨ ਸਿੰਘ ਨਿਆਜੀਆਂ, ਰਜਿੰਦਰ ਸਿੰਘ ਭੁੱਲਰ, ਗੁਰਪ੍ਰੀਤ ਸਿੰਘ, ਰਣਜੀਤ ਸਿੰਘ ਟਿੱਬੀ, ਕਮਲਦੀਪ ਸਿੰਘ, ਮਨਜੀਤ ਸਿੰਘ, ਮਲਕੀਤ ਸਿੰਘ ਵਾਹਕੇ, ਅਕਾਸ਼ਦੀਪ ਸਿੰਘ ਵਾਹਕੇ, ਸੁੱਖਾ ਸਿੰਘ, ਮਲਕੀਤ ਸਿੰਘ ਟਿੱਬੀ ਵੱਲੋਂ ਵੀ ਸੰਤਾਂ ਮਹਾਪੁਰਸ਼ਾਂ ਨੂੰ ਨੌਜਵਾਨੀ ਨੂੰ ਨਸ਼ਿਆ ਤੋਂ ਬਚਾਉਣ ਲਈ ਅੱਗੇ ਆਉਣ ਦੀ ਬੇਨਤੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਖਾਲਸਾ ਅਕੈਡਮੀ ਵਿਖੇ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਮੈਚਾਂ 'ਚ

# ਅਕੈਡਮੀ ਦੇ ਖਿਡਾਰੀਆਂ ਦੀ ਝੰਡੀ

## ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਸੰਪੰਨ ਹੋਈ ਚੈਂਪੀਅਨਸ਼ਿਪ














**ਚੌਂਕ ਮਹਿਤਾ, 24 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਿਹਾ ਵਿਦਿਅਕ ਅਦਾਰਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਵਿਖੇ ਸੀ.ਬੀ.ਐਸ.ਈ. ਨੌਰਥ ਜੋਨ ਟੂ ਦੇ ਹਾਕੀ ਦੇ ਮੈਚ 21 ਸਤੰਬਰ ਤੋਂ ਲਗਾਤਾਰ ਚ ਖੇਡੇ ਜਾ ਰਹੇ ਸਨ। ਇਸ ਦੌਰਾਨ ਫਾਈਨਲ ਵਿੱਚ ਪਹੁੰਚੀਆਂ ਟੀਮਾਂ ਦੇ ਵਿਚਕਾਰ ਫਸਵੇਂ ਮੈਚ ਹੋਏ, ਅਤੇ ਇਨ੍ਹਾਂ ਮੁਕਾਬਲਿਆਂ ਵਿਚ ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ।ਅੰਡਰ 14 ਲੜਕੀਆਂ ਦੀਆਂ ਟੀਮਾਂ ਵਿਚ ਆਰੀਆ ਗਰਲਜ ਪਬਲਿਕ ਸਕੂਲ ਪਾਣੀਪਤ ਹਰਿਆਣਾ, ਅੰਡਰ 17 ਗਰਲਜ ਲਿਟਲ ਐਂਗਲ ਸਕੂਲ ਸੋਨੀਪਤ, ਅੰਡਰ 19 ਲਿਟਲ ਐਗਲ ਸਕੂਲ ਸੋਨੀਪਤ ਨੇ ਜਿੱਤ ਪ੍ਰਾਪਤ ਕੀਤੀ।ਇਸੇ ਤਰਾਂ ਅੰਡਰ 14 ਲੜਕੇ ਡੀ.ਏ.ਵੀ.ਪੁਲਿਸ ਪਬਲਿਕ ਸਕੂਲ ਕਰਨਾਲ ਹਰਿਆਣਾ, ਅੰਡਰ 17 ਲੜਕੇ ਖਾਲਸਾ ਅਕੈਡਮੀ ਮਹਿਤਾ ਚੌਂਕ, ਅੰਡਰ 19 ਖਾਲਸਾ ਅਕੈਡਮੀ ਮਹਿਤਾ ਚੌਂਕ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਮਹਿਤਾ ਚੌਂਕ ਦਾ ਨਾਮ ਰੌਸ਼ਨ ਕੀਤਾ। ਇਸ ਸਮੇਂ ਖਾਲਸਾ ਅਕੈਡਮੀ ਦੇ ਵਿਦਿਆਰਥੀ ਹਾਕੀ ਉਲੰਪੀਅਨ ਜਰਮਨਪ੍ਰੀਤ ਸਿੰਘ ਬੱਲ ਮੁੱਖ ਮਹਿਮਾਨ ਵੱਜੋ ਪਹੁੰਚੇ, ਜਿਨਾਂ ਦੇ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਤਕਸੀਮਾ ਕੀਤੇ ਗਏ। ਉਨ੍ਹਾਂ ਦੇ ਨਾਲ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਵਾਸਤੇ ਦਮਦਮੀ ਟਕਸਾਲ ਤੋਂ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ ਜੀ, ਇੰਸ. ਗੁਰਮੇਜ ਸਿੰਘ, ਸਰਪੰਚ ਕਸ਼ਮੀਰ ਸਿੰਘ ਕਾਲਾ, ਠੇਕੇਦਾਰ ਲਖਵਿੰਦਰ ਸਿੰਘ ਜਲਾਲ ਉਸਮਾਂ, ਅਮਰਪਾਲ ਸਿੰਘ, ਬਲਕਾਰ ਸਿੰਘ ਪੀ.ਬੀ.ਐਸ, ਬਲਵਿੰਦਰ ਸਿੰਘ ਬੱਲ, ਜਰਮਨਜੀਤ ਸਿੰਘ, ਗੁਰਪ੍ਰੀਤ ਸਿੰਘ ਜਲਾਲਉਸਮਾ ਸੀ.ਬੀ.ਐਸ.ਈ ਅਬਜ਼ਰਵਰ ਪ੍ਰੈਸ ਰਿਪੋਰਟਸ ਅਤੇ ਖਾਸ ਤੌਰ ਤੇ ਕੇ.ਪੀ.ਸ਼ਰਮਾ ਬਠਿੰਡਾ ਤੋਂ ਇਥੇ ਪਹੁੰਚੇ।ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰ.ਡਾ.ਜਤਿੰਦਰ ਕੁਮਾਰ ਸ਼ਰਮਾ ਨੇ ਜੇਤੂ ਟੀਮਾਂ ਨੂੰ ਅਤੇ ਉਨਾਂ ਦੇ ਕੋਚਾਂ ਨੂੰ ਵਧਾਈ ਦਿੱਤੀ। ਇਸ ਖੇਡ ਸਮਾਗਮ ਦੌਰਾਨ ਕਾਲਜ ਪ੍ਰਿੰ. ਗੁਰਦੀਪ ਸਿੰਘ ਜਲਾਲਉਸਮਾ, ਹਰਸ਼ਦੀਪ ਸਿੰਘ ਡਾਇਰੈਕਟਰ ਦਸ਼ਮੇਸ਼ ਵਿਦਿਅਕ ਸੰਸਥਾਵਾਂ, ਕੋਚ ਬਲਜਿੰਦਰ ਸਿੰਘ ਰੰਧਾਵਾ, ਮਨਮੀਤ ਸਿੰਘ, ਦਮਨਦੀਪ ਸਿੰਘ, ਹਰਜੀਤ ਕੌਰ, ਸਮੂਹ ਅਧਿਆਪਕ ਸਾਹਿਬਾਨ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ’ਤੇ

# ਨਿਊਯਾਰਕ ’ਚ ਹੋਏ ਵਿਰੋਧ ਪ੍ਰਦਰਸ਼ਨ







**ਨਵੀਂ ਦਿੱਲੀ 24 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਸੈਸ਼ਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਯੁਕਤ ਰਾਜ ਅਮਰੀਕਾ ਦੌਰੇ ’ਤੇ ਨਿਊਯਾਰਕ ’ਚ ਵਿਰੋਧ ਪ੍ਰਦਰਸ਼ਨ ਹੋਏ। ਇਸ ਵਿਰੋਧ ਪ੍ਰਦਰਸ਼ਨ ਵਿਚ ਵਡੀ ਗਿਣਤੀ ਅੰਦਰ ਸਿੱਖ, ਕਸ਼ਮੀਰੀ ਅਤੇ ਹੋਰ ਧਰਮਾਂ ਦੇ ਲੋਕ ਸ਼ਾਮਿਲ ਸਨ। ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਜੰਮੂ-ਕਸ਼ਮੀਰ, ਕੈਨੇਡਾ ਅਤੇ ਅਮਰੀਕਾ ਸਮੇਤ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਹੋਈਆਂ ਆਜ਼ਾਦੀ ਪਸੰਦ ਸਿੱਖ ਅਤੇ ਹੋਰ ਲੋਕਾਂ ਦੀਆਂ ਹੱਤਿਆਵਾਂ ਵਿੱਚ ਨਰਿੰਦਰ ਮੋਦੀ ਦੀ ਸ਼ਮੂਲੀਅਤ ਦੀ ਨਿੰਦਾ ਕੀਤੀ। ਪੁਲਿਸ ਦੁਆਰਾ ਲਗਾਏ ਗਏ ਬੈਰੀਕੇਡ ਦੇ ਪਾਰ, ਵਡੀ ਗਿਣਤੀ ਅੰਦਰ ਸਿੱਖਾਂ ਦਾ ਇੱਕ ਵੱਖਰਾ ਵਿਰੋਧ ਪ੍ਰਦਰਸ਼ਨ ਖਾਲਿਸਤਾਨ ਦੀ ਸਿਰਜਣਾ ਦੀ ਵਕਾਲਤ ਕਰ ਰਿਹਾ ਸੀ । ਉੱਥੇ, ਕੁਝ ਲੋਕਾਂ ਨੇ ਮੋਦੀ ਦਾ ਪੁਤਲਾ ਫੂਕਿਆ। ਕੁਝ ਲੋਕਾਂ ਨੇ “ਮੋਦੀ: ਹਿੰਦੂ ਦਹਿਸ਼ਤ ਦਾ ਚਿਹਰਾ” ਦੇ ਨਾਅਰੇ ਵਾਲੇ ਚਿੰਨ੍ਹ ਫੜੇ ਹੋਏ ਸਨ। ਕੈਨੇਡਾ ਤੋਂ ਵਿਰੋਧ ਪ੍ਰਦਰਸ਼ਨ ਵਿਚ ਹਾਜ਼ਿਰੀ ਭਰਨ ਲਈ ਉਚੇਚੇ ਤੌਰ ਤੇ ਪੁੱਜੇ ਪੰਥਕ ਸੇਵਾਦਾਰ ਅਤੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਕਮੇਟੀ ਦੇ ਮੈਂਬਰ ਭਾਈ ਨਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਈ ਸਿੱਖ ਅਤੇ ਕਸ਼ਮੀਰੀ ਵੱਖਵਾਦੀ ਕਾਰਕੁਨਾਂ ਨੂੰ ਮਾਰਿਆ ਹੈ, ਜਿਨ੍ਹਾਂ ਨੂੰ ਉਹ ਅੱਤਵਾਦੀ ਅਤੇ ਕੱਟੜਪੰਥੀ ਕਰਾਰ ਦਿੰਦੇ ਹਨ, ਜਿਸ ਵਿੱਚ ਕੈਨੇਡਾ ਦੇ ਇੱਕ ਸਿੱਖ ਕਾਰਕੁਨ ਸ਼ਹੀਦ ਭਾਈ ਹਰਦੀਪ ਸਿੰਘ ਨਿਝਰ ਨੂੰ ਗੋਲੀ ਮਾਰ ਕੇ ਮਾਰਨਾ ਅਤੇ ਅਮਰੀਕਾ ਵਿੱਚ ਇੱਕ ਸਿੱਖ ਕਾਰਕੁਨ, ਇੱਕ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪਨੂੰ, ਦੀ ਹੱਤਿਆ ਦੀ ਕੋਸ਼ਿਸ਼ ਸ਼ਾਮਲ ਹੈ। ਵਿਰੋਧ ਪ੍ਰਦਰਸ਼ਨ ਵਿਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਈਸਾਈਆਂ ਦੇ ਇੱਕ ਸਮੂਹ ਨੇ ਉਹਨਾਂ ਤਰੀਕਿਆਂ ਨੂੰ ਉਜਾਗਰ ਕੀਤਾ ਜਿਸ ਵਿੱਚ ਉਹ ਕਹਿੰਦੇ ਹਨ ਕਿ ਮੋਦੀ ਦੇ ਸ਼ਾਸਨ ਨੇ ਭਾਰਤ ਵਿੱਚ ਹਿੰਦੂ ਸਰਵਉੱਚਤਾ ਦੇ ਇੱਕ ਅੱਗਲੇ ਬ੍ਰਾਂਡ ਨੂੰ ਆਮ ਬਣਾਇਆ ਹੈ, ਜਿਸਨੂੰ “ਹਿੰਦੂਤਵ” ਜਾਂ “ਹਿੰਦੂਤਾ” ਕਿਹਾ ਜਾਂਦਾ ਹੈ ਅਤੇ ਨਸਲੀ ਅਤੇ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਿੰਸਾ ਦੀ ਸਹੂਲਤ ਦਿੱਤੀ ਗਈ ਹੈ। ਪ੍ਰਦਰਸ਼ਨਕਾਰੀਆਂ ਨੇ ਆਜ਼ਾਦੀ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ।

### ਕਿਰਤੀ ਕਿਸਾਨ ਯੂਨੀਅਨ ਵੱਲੋਂ 25 ਸਤੰਬਰ ਨੂੰ ਡੀਸੀ ਦਫ਼ਤਰ ਗੁਰਦਾਸਪੁਰ ਵਿਖੇ

# ਧਰਨੇ ਵਿੱਚ ਸ਼ਮੂਲੀਅਤ ਸਬੰਧੀ ਹੋਈ ਮੀਟਿੰਗ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 24 ਸਤੰਬਰ (ਕੁਲਜੀਤ ਸਿੰਘ ਖੋਖਰ)**-ਕਿਰਤੀ ਕਿਸਾਨ ਯੂਨੀਅਨ ਬਲਾਕ ਕਾਹਨੂੰਵਾਨ ਦੀ ਮੀਟਿੰਗ ਜਿਲਾ ਸਕੱਤਰ ਅਨੋਖ ਸਿੰਘ ਘੋੜੇਵਾਹ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਿੰਘ ਸਭਾ ਪੱਤੀ ਰਾਮਗੜੀਆ ਪਿੰਡ ਘੋੜੇਵਾਹ ਵਿੱਚ ਹੋਈ। ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਸਤਬੀਰ ਸਿੰਘ ਸੁਲਤਾਨੀ ਵਿਸ਼ੇਸ਼ ਤੌਰ ਤੇ ਪਹੁੰਚੇ ।ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਘੋੜੇਵਾਹ ਅਤੇ ਮਨਜੀਤ ਸਿੰਘ ਖੁਸ਼ਹਾਲਪੁਰ ਨੇ ਵੀ ਸੰਬੋਧਨ ਕੀਤਾ ।ਸਤਬੀਰ ਸਿੰਘ ਸੁਲਤਾਨੀ ਨੇ ਕਿਰਤੀ ਕਿਸਾਨ ਯੂਨੀਅਨ ਵੱਲੋਂ 25 ਸਤੰਬਰ ਨੂੰ ਜ਼ਿਲਾ ਪੱਧਰੀ ਧਰਨੇ ਪੂਰੇ ਪੰਜਾਬ ਵਿੱਚ ਦੇਣ ਸਬੰਧੀ ਦੱਸਿਆ ਕਿ ਇਸ ਮੌਕੇ ਵਿਸ਼ੇਸ਼ ਮੰਗਾਂ ਜਿਵੇਂ ਬਾਸਮਤੀ ਤੇ ਐਮਐਸਪੀ ਦੇਣ ਅਤੇ ਖਰੀਦ ਦੀ ਗਰੰਟੀ ਦੇਣਾ ਵਾਹਘਾ ਅਤੇ ਹੁਸੈਨੀਵਾਲਾ ਬਾਡਰ ਵਪਾਰ ਲਈ ਖੋਲਣ , ਡੀਏਪੀ ਖਾਦ ਦੀ ਸਪਲਾਈ ਆਉਂਦੀਆਂ ਫਸਲਾਂ ਲਈ ਲੋੜ ਅਨੁਸਾਰ ਮੁਹਈਆ ਕਰਵਾਉਣਾ, ਨਹਿਰੀ ਪਾਣੀ ਦਾ ਸਿਸਟਮ ਸਹੀ ਢੰਗ ਨਾਲ ਬਹਾਲ ਕਰਕੇ ਹਰ ਖੇਤ ਨੂੰ ਸਪਲਾਈ ਯਕੀਨੀ ਬਣਾਉਣਾ ਆਦਿ ਮੰਗਾਂ ਲਈ ਜਥੇਬੰਦੀ ਸੰਘਰਸ਼ ਕਰ ਰਹੀ ਹੈ। ਇਸ ਮੌਕੇ ਹਾਜ਼ਰ ਮੈਂਬਰਾਂ ਵੱਲੋਂ 25 ਸਤੰਬਰ ਨੂੰ ਵੱਧ ਚੜ ਕੇ ਜਿਲ੍ਹਾ ਪੱਧਰੀ ਧਰਨੇ ਵਿੱਚ ਸਮੂਲੀਅਤ ਕਰਨ ਦਾ ਯਕੀਨ ਦਵਾਇਆ ਗਿਆ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੰਚਲ ਸਿੰਘ ਬਗੋਲ, ਬਲਵੰਤ ਸਿੰਘ, ਸੰਪੂਰਨ ਸਿੰਘ, ਬਲਦੇਵ ਸਿੰਘ, ਰਣਬੀਰ ਸਿੰਘ, ਰਣਜੀਤ ਸਿੰਘ ,ਨਾਨਕ ਸਿੰਘ ਘੋੜੇਵਾਹ, ਸੰਤੋਖ ਸਿੰਘ ਵਧਾਈ ,ਨਵਦੀਪ ਸਿੰਘ, ਹਰਦੀਪ ਸਿੰਘ ਸੀਹਭੱਟੀ, ਜਸਬੀਰ ਸਿੰਘ, ਜੋਗਿੰਦਰ ਸਿੰਘ ,ਤਰਸੇਮ ਸਿੰਘ, ਸਰਵਣ ਸਿੰਘ ਆਦਿ ਹਾਜ਼ਰ ਸਨ।

# ਜੁਆਇਟ ਫਰੰਟ ਦੇ ਸੱਦੇ ਤੇ 25 ਸਤੰਬਰ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ, ਰੈਲੀ ਅੱਜ

ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :— ਜੁਆਇੰਟ ਫਰੰਟ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਹੱਲ ਕਰਾਉਣ ਲਈ 25 ਸਤੰਬਰ ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫਤਰ ਸਾਹਮਣੇ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਸਬੰਧੀ ਪੰਜਾਬ ਸਟੇਟ ਪੈਨਸ਼ਨਰ ਕਡਫੈਡਰੇਸਨ ਦੇ ਸਟੇਟ ਆਗੂ ਕਿੱਕਰ ਸਿੰਘ, ਜਿਲਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ, ਜਨਰਲ ਸਕੱਤਰ ਪ੍ਰਤਾਪ ਸਿੰਘ ਢਿਲੋਂ, ਬਲਬੀਰ ਸਿੰਘ ਕੰਬੋਜ, ਬਲਬੀਰ ਸਿੰਘ ਘੁਦੂਵਾਲਾ ਤੇ ਦੀਵਾਨ ਚੰਦ ਸਖੀਜਾ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜਮਾਂ ਦੀਆਂ ਮੰਗਾਂ ਸਬੰਧੀ ਵਾਰ—ਵਾਰ ਮੀਟਿੰਗਾਂ ਦੇ ਕੇ ਮੀਟਿੰਗਾਂ ਨਾ ਕਰਨ ਦਾ ਟਾਲ—ਮਟੋਲਾ ਕਰ ਰਹੀ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਤੋਂ ਮਿਲੀਆ ਰਿਪੋਰਟਾਂ ਅਨੁਸਾਰ 25 ਸਤੰਬਰ ਨੂੰ ਡਿਪਟੀ ਕਮਿਸ਼ਨ ਫਿਰੋਜ਼ਪੁਰ ਦੇ ਦਫਤਰ ਸਾਹਮਣੇ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਤੇ ਮੁਲਾਜ਼ਮਾਂ ਵਿਚ ਰੈਲੀ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਰੈਲੀ ਕਰਨ ਉਪਰੰਤ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਨਾਂਅ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਸੌਂਪਿਆ ਜਾਵੇਗਾ।

# ਪੀ.ਐਚ.ਐਫ ਲੀਜਿੰਗ ਲੋਕਾਂ ਨੂੰ ਮੁਹਇਆ ਕਰਵਾਏਗਾ ਬੈਂਟਰੀ ਵਾਲੇ ਵਹੀਕਲ

ਫ਼ਿਰੋਜ਼ਪੁਰ, 24 ਸਤੰਬਰ (ਮਨੋਹਰ ਲਾਲ) :— ਪੀ.ਐਚ.ਐਫ ਲੀਜ਼ਿੰਗ ਲਿਮਟਡ ਜੋ ਕਿ ਮੈਟਰੋਪੋਲਿਟਨ ਸਟੌਕ ਐਕਸਚੇਂਜ ਤੇ ਸੂਜੀਬੱਧ ਹੈ ਅਤੇ ਜਲੰਧਰ ਪੰਜਾਬ ਵਿਚ ਸਥਿਤ ਇਕ ਐਨ.ਬੀ.ਐਫ.ਸੀ ਹੈ, ਨੇ ਮੱਧ ਪ੍ਰਦੇਸ਼ ਵਿਚ ਆਪਣੀ ਪਹਿਚਾਣ ਨੂੰ ਸਥਾਪਿਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਚਾਲਕਾਂ ਨੇ ਦੱਸਿਆ ਕਿ ਪੀ.ਐਚ.ਐਫ ਆਪਣੇ ਤੇਜ਼ੀ ਨਾਲ ਵੱਧ ਰਹੇ ਵਰਟੀਕਲ ਦੇ ਪੂਰੇ ਪੋਰਟਫੋਲਿਓ ਦੀ ਪੇਸਕਸ਼ ਕਰੇਗਾ, ਜਿਸ ਵਿਚ ਇਲੈਕਟ੍ਰਿਕ ਰਿਕਸ਼ਾਵਾ, ਇਲੈਕਟ੍ਰਿਕ ਲੋਡਰਾਂ ਅਤੇ ਇਲੈਕਟ੍ਰਿਕ 2 ਵਹੀਲਰਾਂ ਲਈ ਈ.ਵੀ ਕਰਜ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਹ ਪੀ.ਐਚ.ਐਫ ਲੀਜ਼ਿੰਗ ਇਕ ਮਹੱਤਵਪੂਰਨ ਵਿਸਤਾਰ ਦੀ ਕੋਸ਼ਿਸ਼ ਹੈ ਅਤੇ ਮੱਧ ਪ੍ਰਦੇਸ਼ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਉਪਸਥਿਤੀ ਨੂੰ ਸ਼ਾਮਲ ਕਰਦੀ ਹੈ, ਜਿਨ੍ਹਾਂ ਵਿਚ ਭੋਪਾਲ, ਛਤਰਪੁਰ, ਗਵਾਲੀਅਰ, ਇੰਦੌਰ, ਜਬਲਪੁਰ, ਕਟਨੀ, ਰੀਵਾ, ਸਾਗਰ, ਸਤਨਾ, ਸ਼ਿਵਪੁਰੀ, ਸਿੱਧੀ, ਜਾਵਾ, ਰਾਇਸਨ, ਗੁਨਾ, ਅਸ਼ੋਕ ਨਗਰ, ਵਿਦਿਸ਼ਾ, ਕਰੇਰਾ, ਦਾਬਰਾ, ਦੇਵਾਸ, ਉਜੈਨ, ਬੀਨਾ, ਗੰਜ ਬਸੋਦਾ, ਪਿਪਰੀਆ, ਹੌਸ਼ੰਗਾਬਾਦ ਅਤੇ ਚਿੱਤਰਕੂਟ ਸ਼ਾਮਲ ਹਨ। ਇਸ ਵਿਚਾਰ ਦਾ ਮਕਸਦ ਹੈ ਕਿ ਰਾਜ ਦੇ ਹਰ ਛੋਟੇ ਤੋਂ ਛੋਟੇ ਹਿੱਸੇ ਵਿਚ ਪਹੁੰਚ ਕੀਤੀ ਜਾਵੇ ਅਤੇ ਘੱਟ ਸਰਵਿਸ ਪ੍ਰਾਪਤ ਕਰਨ ਵਾਲੇ ਇਲਾਕਿਆਂ ਨੂੰ ਉਚਿਤ ਮਾਲੀ ਉਤਪਾਦਾਂ ਦੀ ਉਪਲਬਧਤਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਪੀ.ਐਚ.ਐਫ ਲੀਜ਼ਿੰਗ 1998 ਤੋਂ ਭਾਰਤੀ ਰਿਜ਼ਰਵ ਬੈਂਕ ਨਾਲ ਰਜਿਸਟਰਡ ਇਕ ਗੈਰ ਬੈਕਿੰਗ ਵਿੱਤੀ ਕੰਪਨੀ ਹੈ। ਕੰਪਨੀ ਅਚੱਲ ਜਾਇਦਾਦ ਅਤੇ ਮੁੱਖ ਤੌਰ ਤੇ ਈ ਰਿਕਸ਼ਾ, ਈ ਲੋਡਰ ਅਤੇ ਈ.ਵੀ 2 ਪਹੀਆ ਵਾਹਨਾਂ ਲਈ ਵਿੱਤੀ ਸਹਾਇਤਾ ਲਈ ਗਿਰਵੀ ਕਰਜ਼ੇ ਦੀ ਪੇਸ਼ਕਾਰ ਕਰਦੀ ਹੈ। ਪੀ.ਐਚ.ਐਫ ਲੀਜ਼ਿੰਗ ਵੱਖ—ਵੱਖ ਖੇਤਰਾਂ ਵਿਚ ਇਲੈਕਟ੍ਰਿਕ ਵਾਹਨਾਂ ਨੂੰ ਅਪਣਾਉਣ ਲਈ ਸਮਰਪਿਤ ਹੈ, ਜਿਸ ਵਿਚ ਲੌਜਿਸਟਿਕਸ, ਆਖਰੀ—ਮਾਈਲ ਡਿਲੀਵਰੀ ਅਤੇ ਗਰਾਮੀਣ ਅਤੇ ਸ਼ਹਿਰੀ ਆਵਾਜ਼ਾਈ ਸ਼ਾਮਲ ਹੈ। ਸ੍ਰੀ ਸ਼ੈਲਿਆ ਗੁਪਤਾ, ਪੀ.ਐਚ.ਐਫ ਲੀਜ਼ਿੰਗ ਲਿਮਟਡ ਦੇ ਸੀ.ਈ.ਓ ਨੇ ਕਿਹਾ ਕਿ ਅਸੀਂ ਐਮ.ਪੀ ਬਾਜ਼ਾਰ ਦਾ ਅਧਿਐਨ ਕੀਤਾ ਅਤੇ 2—3 ਸ਼ਹਿਰਾਂ ਵਿਚ ਹੀ ਸੇਵਾਵਾਂ ਪੇਸ਼ ਕਰਨ ਦੇ ਬਜਾਏ ਰਾਜ ਦੇ ਅੰਦਰ ਡੂੰਘਾਈ ਨਾਲ ਜਾਣ ਦਾ ਫੈਸਲਾ ਕੀਤਾ, ਸਾਡਾ ਉਤਪਾਦ ਪੋਰਟਫੋਲਿਓ ਸਮਾਜ ਦੇ ਘੱਟ ਸਰਵਿਸ ਪ੍ਰਾਪਤ ਹਿੱਸਿਆਂ ਨੂੰ ਕਰਜਾ ਦੇਣ ਤੇ ਧਿਆਨ ਕੇਂਦਰਿਤ ਕਰਦਾ ਹੈ ਤਾਂ ਜੋ ਉਹ ਖੁਦਮੁਖਤਾਰ ਹੋ ਸਕਣ। ਐਮ.ਪੀ ਵਿਚ ਅਸੀਂ ਪਹਿਲਾਂ ਆਪਣੇ ਪੂਰੇ ਈ.ਵੀ. ਕਰਜ ਪੋਰਟਫੋਲਿਓ ਦੀ ਪੇਸ਼ਕਸ਼ ਕਰਾਂਗੇ ਅਤੇ ਫਿਰ ਹੋਰ ਉਤਪਾਦ ਲਾਂਚ ਕਰਾਂਗੇ। ਉਨ੍ਹਾਂ ਕਿਹਾ ਕਿ ਇਲੈਕਟ੍ਰਿਕ ਮੋਬਿਲਿਟੀ ਪ੍ਰੋਮਸ਼ਨ ਸਕੀਮ ਅਤੇ ਐਮਪੀ ਸਰਕਾਰ ਦਾ ਈ.ਵੀ ਉਤੇ ਧਿਆਨ ਦੇਣ ਨਾਲ ਅਸੀਂ ਪੱਕਾ ਵਿਸ਼ਵਾਸ਼ ਕਰਦੇ ਹਾਂ ਕਿ ਇਲੈਕਟ੍ਰਿਕ ਦੋ ਪਹੀਆ ਅਤੇ ਤਿੰਨ ਪਹੀਆ ਦੀ ਅਪਣਾਉਣ ਦੀ ਗਤੀ ਤੇਜ਼ ਹੋਵੇਗੀ ਅਤੇ ਗੁਣਵੱਤਾ, ਪਾਰਦਰਸ਼ਤਾ ਅਤੇ ਲਚਕੀਲੇ ਫਾਈਨੈਂਸਿੰਗ ਵਿਕਲਪਾਂ ਦੀ ਲੋੜ ਪਏਗੀ। ਹਿਸ ਸਥਿਤੀ ਵਿਚ ਪੀ.ਐਚ.ਐਫ ਉਮੀਦ ਕਰਦਾ ਹੈ ਕਿ ਅਗਲੇ 6 ਤੋਂ 12 ਮਹੀਨਿਆਂ ਵਿਚ ਰਾਜ ਵਿਚ ਈ.ਵੀ ਕਰਜ ਕਾਰੋਬਾਰ ਵਿਚ ਮੋਹਰੀ ਹੋਣ ਦੀ ਉਮੀਦ ਹੈ।

# ਗੈਰ-ਪੰਜਾਬੀਆਂ ਨੂੰ ਇੱਥੇ ਜ਼ਮੀਨ ਲੈਣ, ਵੋਟਰ ਬਣਨ ਤੇ ਨੌਕਰੀਆਂ ਦੀ ਰੋਕਥਾਮ ਲਈ, ਕਾਨੂੰਨ ਬਣਾਏ ਪੰਜਾਬ ਸਰਕਾਰ : ਟਿਵਾਣਾ



**ਨਵੀਂ ਦਿੱਲੀ, 24 ਸਤੰਬਰ (ਆਵਾਜ਼ਿ ਕੌਮ ਬਿਊਰੋ):** ਜੇਕਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਹੀ ਮਾਇਨਿਆ ’ਚ ਪੰਜਾਬੀਆਂ ਦੀ ਆਉਣ ਵਾਲੇ ਸਮੇਂ ’ਚ ਚਹੁਤਰਫੋਂ ਬਿਹਤਰੀ, ਮਾਲੀ ਤੇ ਸਮਾਜਿਕ ਤੌਰ ’ਤੇ ਮਜ਼ਬੂਤੀ ਦੀ ਇਮਾਨਦਾਰੀ ਨਾਲ ਚਾਹਵਾਨ ਹੈ ਤਾਂ ਪੰਜਾਬ ਸਰਕਾਰ ਨੂੰ ਬਿਨ੍ਹਾਂ ਕਿਸੇ ਦੇਰੀ ਕੀਤਿਆ ਜਿਵੇ ਹਿਮਾਚਲ, ਜੰਮੂ-ਕਸਮੀਰ ਤੇ ਰਾਜਸਥਾਂਨ ਦੀਆਂ ਸਰਕਾਰਾਂ ਨੇ ਬਾਹਰਲੇ ਸੂਬਿਆਂ ਦੇ ਨਿਵਾਸੀਆਂ ਵੱਲੋ ਆਪਣੇ ਸੂਬਿਆਂ ’ਚ ਜਮੀਨ ਪ੍ਰਾਪਤ ਕਰਨ, ਵੋਟਰ ਬਣਨ ਤੇ ਸਰਕਾਰੀ ਨੌਕਰੀ ’ਚ ਦਾਖਲ ਹੋਣ ਤੇ ਕਾਨੂੰਨੀ ਰੋਕ ਲਗਾਉਣ ਹਿੱਤ ਆਪੋ ਆਪਣੇ ਸੂਬਿਆਂ ਦੇ ਕਾਨੂੰਨ ਬਣਾਏ ਹੋਏ ਹਨ, ਉਸੇ ਤਰ੍ਹਾਂ ਭਗਵੰਤ ਮਾਨ ਸਰਕਾਰ ਆਪਣਾ ਪਰਮ ਧਰਮ ਫ਼ਰਜ ਸਮਝਦੇ ਹੋਏ ਪੰਜਾਬ ਦੀ ਵਿਧਾਨ ਸਭਾ ਅਸੈਂਬਲੀ ਦਾ ਵਿਸ਼ੇਸ਼ ਸਦਨ ਬੁਲਾ ਕੇ ਇਸ ਖਰੜੇ ਉਤੇ ਵਿਚਾਰ ਵਟਾਂਦਰਾ ਕਰਦੇ ਹੋਏ ਇਸ ਨੂੰ ਕਾਨੂੰਨੀ ਰੂਪ ਦੇਵੇ ।ਜਿਸ ਅਨੁਸਾਰ ਬਾਹਰਲੇ ਸੂਬਿਆਂ ਵਿਚੋ ਪ੍ਰਵਾਸੀ ਮਜਦੂਰ ਜਾਂ ਨਿਵਾਸੀ ਇਥੇ ਆ ਕੇ ਮਿਹਨਤ, ਮੁਸੱਕਤ ਤਾਂ ਕਰ ਸਕਦੇ ਹੋਣ, ਪਰ ਉਹ ਇਥੇ ਜਮੀਨਾਂ ਖਰੀਦ ਕੇ, ਪੰਜਾਬ ਸੂਬੇ ਦੇ ਵੋਟਰ ਬਣਕੇ ਅਤੇ ਸਾਡੀਆਂ ਪੰਜਾਬ ਦੀਆਂ ਸਰਕਾਰੀ ਅਸਾਮੀਆ ’ਚ ਆ ਕੇ ਇਥੋਂ ਦੇ ਸਮੁੱਚੇ ਸੰਤੁਲਨ ਨੂੰ ਵਿਗਾੜ ਨਾ ਸਕਣ ਅਤੇ ਇਥੋਂ ਦੀ ਆਬੋਹਵਾ ਨੂੰ ਗੰਧਲਾ ਕਰਕੇ ਸਾਡੇ ਅਮੀਰ ਪੰਜਾਬੀ ਤੇ ਸਿੱਖ ਸੱਭਿਆਚਾਰ ਨੂੰ ਕਿਸੇ ਤਰ੍ਹਾਂ ਵੀ ਪ੍ਰਭਾਵਿਤ ਨਾ ਕਰ ਸਕਣ ।ਇਹ ਵਿਚਾਰ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੌਜੂਦਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸ. ਭਗਵੰਤ ਸਿੰਘ ਮਾਨ ਸਰਕਾਰ ਨੂੰ ਅਤੇ ਪੂਰੀ ਕੈਬਨਿਟ ਨੂੰ ਪੰਜਾਬੀਆਂ ਅਤੇ ਸਿੱਖ ਕੌਮ ਦੇ ਬਿਨ੍ਹਾਂ ਤੇ ਪਹਿਲ ਦੇ ਆਧਾਰ ਤੇ ਉਪਰੋਕਤ ਗੰਭੀਰ ਵਿਸ਼ੇ ’ਤੇ ਕਾਨੂੰਨ ਬਣਾ ਕੇ ਬਾਹਰਲੇ ਬਸਿੰਦਿਆ ਨੂੰ ਇਥੋਂ ਦੇ ਪੱਕੇ ਬਸਿੰਦੇ ਬਣਨ ਉਤੇ ਰੋਕ ਲਗਾਉਣ ਦੀ ਸੰਜੀਦਾ ਅਪੀਲ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਹੋਂਦ ਵਿਚ ਆਏ ਢਾਈ ਸਾਲ ਦੇ ਕਰੀਬ ਸਮਾਂ ਬੀਤ ਚੁੱਕਿਆ ਹੈ ।ਪੰਜਾਬ ਦੇ ਨਿਵਾਸੀਆ ਨੇ ਰਵਾਇਤੀ ਪਾਰਟੀਆਂ ਅਤੇ ਆਗੂਆਂ ਨੂੰ ਰਾਜ ਭਾਗ ਤੋ ਦੂਰ ਕਰਨ ਹਿੱਤ ਹੀ ਆਮ ਆਦਮੀ ਪਾਰਟੀ ਨੂੰ 92 ਸੀਟਾਂ ਜਿਤਾ ਕੇ ਬਹੁਮਤ ਦਿੱਤਾ ਸੀ, ਤਾਂ ਕਿ ਆਮ ਆਦਮੀ ਪਾਰਟੀ, ਪੰਜਾਬ ’ਚ ਵੱਸਣ ਵਾਲੇ ਆਮ ਆਦਮੀ ਨੂੰ ਹੇਠਲੇ ਪੱਧਰ ਤੋ ਲੈ ਕੇ ਉਪਰਲੇ ਪੱਧਰ ਤੱਕ ਆਉਣ ਵਾਲੀਆ ਦਰਪੇਸ ਮੁਸ਼ਕਿਲਾਂ ਦਾ ਇਹ ਬਣਿਆ ਨਵਾਂ ਬਦਲ ਹੱਲ ਕਰ ਸਕੇ ਅਤੇ ਪੰਜਾਬ ਸੂਬਾ ਜੋ ਨਸ਼ਿਆਂ ਦੇ ਗਲਤਾਨ ਵਿਚ ਘਿਰਿਆ ਹੋਇਆ ਹੈ, ਜਿਥੋ ਦੀ 40 ਲੱਖ ਦੀ ਬੇਰੁਜਗਾਰੀ ਮੂੰਹ ਅੱਡੀ ਖੜ੍ਹੀ ਹੈ, ਜਿਥੋ ਦਾ ਪ੍ਰਸਾਸਨਿਕ ਸਮੁੱਚੇ ਢਾਂਚੇ ਦੀ ਬਹੁਗਿਣਤੀ ਵੱਡੀਆ-ਵੱਡੀਆ ਰਿਸਵਤਖੋਰੀਆ, ਘਪਲਿਆ ’ਚ ਗ੍ਰਸਤ ਹਨ, ਜਿਥੇ ਆਮ ਆਦਮੀ ਨੂੰ ਇਨਸਾਫ਼ ਨਹੀਂ ਮਿਲ ਰਿਹਾ ਅਤੇ ਕਾਨੂੰਨੀ ਵਿਵਸਥਾਂ ਡਾਵਾਡੋਲ ਸੀ, ਉਹ ਹਰ ਪੱਖੋ ਠੀਕ ਹੋ ਸਕੇ ਅਤੇ ਸਮੁੱਚਾ ਨਿਜਾਮੀ ਪ੍ਰਬੰਧ ਸਹੀ ਦਿਸ਼ਾ ਵੱਲ ਚੱਲ ਸਕੇ, ਪਰ ਦੁੱਖ ਤੇ ਅਫਸੋਸ ਹੈ ਕਿ ਢਾਈ ਸਾਲ ਦਾ ਅਰਸਾ ਬੀਤ ਜਾਣ ਉਪਰੰਤ ਵੀ ਪੰਜਾਬੀਆਂ ਤੇ ਸਿੱਖ ਕੌਮ ਦੇ ਇਹ ਵੱਡੇ ਮਸਲੇ ਜਿਊ ਦੇ ਤਿਊ ਖੜ੍ਹੇ ਹਨ ।ਜਿਸ ਨਾਲ ਪੰਜਾਬ ਸੂਬੇ ਦੇ ਨਿਜਾਮੀ ਪ੍ਰਬੰਧ ਅਤੇ ਲੋਕਾਂ ਨੂੰ ਦਰਪੇਸ ਆ ਰਹੀਆ ਮੁਸਕਿਲਾਂ ਦਾ ਹੱਲ ਹੋਣ ਦੀ ਬਜਾਇ ਵਾਧਾ ਹੋ ਰਿਹਾ ਹੈ ।ਜੋ ਪ੍ਰਵਾਸੀ ਲੋਕ ਪੰਜਾਬ ਵਿਚ ਮਿਹਨਤ, ਮੁਸੱਕਤ ਕਰਨ ਆ ਰਹੇ ਹਨ, ਜੋ ਕਿ ਉਨ੍ਹਾਂ ਦਾ ਕਾਨੂੰਨੀ ਹੱਕ ਹੈ, ਪਰ ਉਨ੍ਹਾਂ ਨੂੰ ਗਲਤ ਨੀਤੀਆ ਰਾਹੀ ਵੋਟਰ ਕਾਰਡ, ਪੰਜਾਬ ਦੇ ਆਧਾਰ ਕਾਰਡ, ਇਥੇ ਜਮੀਨਾਂ ਖਰੀਦਣ, ਬਿਜਲੀ ਮੀਟਰ ਉਨ੍ਹਾਂ ਦੇ ਨਾਮ ਤੇ ਦੇ ਕੇ ਉਨ੍ਹਾਂ ਨੂੰ ਇਥੋਂ ਦੇ ਪੱਕੇ ਬਸਿੰਦੇ ਬਣਾਉਣ ਵਿਚ ਹਕੂਮਤੀ ਪੱਧਰ ਤੇ ਗੈਰ ਜ਼ਿੰਮੇਵਰਾਨਾ ਅਮਲ ਹੋ ਰਹੇ ਹਨ ਉਸ ਨਾਲ ਆਉਣ ਵਾਲੇ ਸਮੇਂ ’ਚ ਇਥੋਂ ਦੇ ਹਾਲਾਤ ਪਹਿਲੇ ਨਾਲੋ ਵੀ ਵਧੇਰੇ ਪੇਚੀਦਾ ਤੇ ਗੁੰਝਲਦਾਰ ਬਣ ਜਾਣਗੇ। ਇਸ ਲਈ ਸਰਕਾਰ ਲਈ ਇਹ ਬਿਹਤਰ ਹੋਵੇਗਾ ਕਿ ਪ੍ਰਵਾਸੀਆ ਨੂੰ ਇਥੇ ਜਮੀਨ ਖਰੀਦਣ, ਵੋਟ ਬਣਾਉਣ, ਆਧਾਰ ਕਾਰਡ ਬਣਾਉਣ, ਨੌਕਰੀਆ ’ਚ ਪੰਜਾਬੀਆਂ ਦੇ ਹੱਕ ਨੂੰ ਖਤਮ ਕਰਕੇ ਪ੍ਰਵਾਸੀਆ ਨੂੰ ਦੇਣ ਉਤੇ ਕਾਨੂੰਨੀ ਪਾਬੰਦੀ ਲਗਾਉਣ ਦੀ ਜ਼ਿੰਮੇਵਾਰੀ ਨਿਭਾਏ।